@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 2 February 2024

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 2 ਫਰਵਰੀ 2024, 17 ਮਾਘ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 63, qpatrika@gmail.com ਫੋਨ : 9971359517 www.qaumipatrika.org

ਅੰਤਰਿਮ ਬਜਟ ਪੇਸ਼ ਕਰਦੇ ਹੋਏ ਵਿੱਤ ਮੰਤਰੀ ਨੇ ਕੀਤਾ ਵੱਡਾ ਐਲਾਨ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 1 ਫਰਵਰੀ। ਅੰਤਰਿਮ ਬਜਟ ਪੇਸ ਕਰਦੇ ਹੋਏ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਦੇਸ ਨੂੰ ਬਿਜਲੀ ਦੇ ਮਾਮਲੇ ਵਿਚ ਹੋਰ ਆਤਮ ਨਿਰਭਰ ਬਣਾਉਣ ਲਈ ਇੱਕ ਕਰੋੜ ਘਰਾਂ ਨੂੰ 300 ਯੂਨਿਟ ਸੂਰਜੀ ਬਿਜਲੀ ਮੁਫਤ ਦਿੱਤੇ ਜਾਣ ਦਾ ਐਲਾਨ ਕੀਤਾ ਹੈ। ਅਜਿਹੇ 'ਚ ਇਕ ਖਾਸ ਐਲਾਨ ਬਾਰੇ ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ਦੀ ਸੂਰਿਆ ਉਦੈ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਦੇ ਤਹਿਤ ਛੱਤ ਉੱਤੇ ਸੋਲਰ ਸਿਸਟਮ ਲਗਾਏ ਜਾਣਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖੁਦ ਸੂਰਜੀ ਊਰਜਾ ਦੀ ਵਰਤੋਂ ਕਰਨ ਅਤੇ ਇਸ ਨੂੰ ਹੋਰ ਵਧਾਉਣ ਲਈ ਦ੍ਰਿੜ ਹਨ। ਇਹ ਹਾਲ ਹੀ ਵਿੱਚ ਦੇਖਿਆ ਗਿਆ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਯੁੱਧਿਆ ਵਿੱਚ ਰਾਮ ਲੱਲਾ ਪ੍ਰਾਣ ਪ੍ਰਤਿਸ਼ਠਾ ਸਮਾਗਮ ਤੋਂ ਬਾਅਦ ਆਮ ਲੋਕਾਂ ਲਈ ਸੂਰਜੀ ਬਿਜਲੀ ਦੀ ਸ਼ੁਰੂਆਤ ਕੀਤੀ। ਇਸ ਯੋਜਨਾ ਦੇ ਤਹਿਤ ਲਗਭਗ 1 ਕਰੋੜ ਘਰਾਂ 'ਤੇ ਸੋਲਰ ਰੂਫ ਟਾਪ ਸਿਸਟਮ ਲਗਾਇਆ ਜਾਵੇਗਾ। ਫਿਰ ਪੀਐਮ ਮੋਦੀ ਨੇ ਦੱਸਿਆ ਕਿ ਇਸ ਯੋਜਨਾ ਦਾ ਲਾਭ ਸਿੱਧਾ ਗਰੀਬ ਅਤੇ ਮੱਧ ਵਰਗ ਦੇ ਲੋਕਾਂ ਨੂੰ ਮਿਲੇਗਾ। ਇਸ ਨਾਲ ਉਨ੍ਹਾਂ ਦੇ ਬਿਜਲੀ ਬਿੱਲ ਨੂੰ ਘਟਾਉਣ ਵਿੱਚ ਮਦਦ ਮਿਲੇਗੀ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਮੁਫਤ ਸੋਲਰ ਦੀ ਬਿਜਲੀ ਅਤੇ ਬਚੀ ਬਿਜਲੀ ਕੰਪਨੀਆਂ ਨੂੰ ਵੇਚ ਕੇ ਪਰਿਵਾਰਾਂ ਨੂੰ ਕਮਾਈ ਦਾ ਮੌਕਾ ਵੀ ਮਿਲੇਗਾ। ਇਸ ਦੀ ਸਹਾਇਤਾ ਨਾਲ ਇਲੈਕਟ੍ਰਿਕ ਚਾਰਜਰ ਵੀ ਲਗਾਇਆ ਜਾ ਸਕੇਗਾ। ਇਸ ਦੇ ਨਾਲ ਹੀ ਛੱਤ ਉੱਤੇ ਸੋਲਰ ਪੈਨਲ ਲਗਾਉਣ ਕਾਰਨ ਵੱਡੀ ਸੰਖਿਆ ਵਿਚ ਲੋਕਾਂ ਨੂੰ ਰੁਜਗਾਰ ਵੀ ਮਿਲੇਗਾ। ਹਾਲ ਹੀ 'ਚ ਪੀਐੱਮ ਮੋਦੀ ਨੇ ਸੋਸਲ ਮੀਡੀਆ 'ਤੇ ਇਕ ਪੋਸਟ ਕੀਤੀ ਸੀ। ਇਸ 'ਚ ਉਨ੍ਹਾਂ ਕਿਹਾ ਸੀ ਕਿ ਅਯੁੱਧਿਆ 'ਚ ਸਮਾਗਮ ਦੇ ਸੁਭ ਮੌਕੇ 'ਤੇ ਮੇਰਾ ਸੰਕਲਪ ਹੋਰ ਮਜਬੂਤ ਹੋਇਆ ਹੈ ਕਿ ਭਾਰਤੀਆਂ ਦੇ ਘਰਾਂ ਦੀਆਂ ਛੱਤਾਂ 'ਤੇ ਉਨ੍ਹਾਂ ਦਾ ਆਪਣਾ ਸੋਲਰ ਰੂਫ ਟਾਪ ਸਿਸਟਮ ਹੋਵੇ। ਅਯੁੱਧਿਆ ਤੋਂ ਵਾਪਸ ਆਉਣ ਤੋਂ ਬਾਅਦ, ਮੈਂ ਪਹਿਲਾ ਫੈਸਲਾ ਲਿਆ ਸੀ ਕਿ ਸਾਡੀ ਸਰਕਾਰ 1 ਕਰੋੜ ਘਰਾਂ 'ਤੇ ਛੱਤਾਂ 'ਤੇ ਸੋਲਰ ਲਗਾਉਣ ਦੇ ਟੀਚੇ ਨਾਲ 'ਪ੍ਰਧਾਨ ਮੰਤਰੀ ਸੂਰਯੋਦਿਆ ਯੋਜਨਾ' ਸ਼ੁਰੂ ਕਰੇਗੀ। ਇਸ ਨਾਲ ਨਾ ਸਿਰਫ ਗਰੀਬ ਅਤੇ ਮੱਧ ਵਰਗ ਦਾ ਬਿਜਲੀ ਬਿੱਲ ਘੱਟ ਹੋਵੇਗਾ, ਸਗੋਂ ਭਾਰਤ ਊਰਜਾ ਦੇ ਖੇਤਰ ਵਿੱਚ ਆਤਮ-ਨਿਰਭਰ ਵੀ ਹੋਵੇਗਾ। ਇਹੀ ਕਾਰਨ ਹੈ ਕਿ ਇਸ ਤੋਂ ਤੁਰੰਤ ਬਾਅਦ ਉਨ੍ਹਾਂ ਨੇ ਪ੍ਰਧਾਨ ਮੰਤਰੀ ਸੂਰਯੋਦਿਆ ਯੋਜਨਾ ਦੀ ਸ਼ੁਰੂਆਤ ਕੀਤੀ। ਤੁਹਾਨੂੰ ਦੱਸ ਦੇਈਏ ਕਿ ਇਸ ਯੋਜਨਾ ਦੇ ਤਹਿਤ ਲੋਕਾਂ ਦੇ ਘਰਾਂ 'ਤੇ ਸੋਲਰ ਪੈਨਲ ਸਿਸਟਮ ਲਗਾਇਆ ਜਾਵੇਗਾ, ਜਿਸ ਦੀ ਮਦਦ ਨਾਲ ਲੋਕਾਂ ਨੂੰ ਬਿਜਲੀ ਦੇ ਬਿੱਲਾਂ ਨੂੰ ਘਟਾਉਣ 'ਚ ਮਦਦ ਮਿਲੇਗੀ। ਜ਼ਿਕਰਯੋਗ ਹੈ ਕਿ ਅੱਜ ਭਾਵ 1 ਫਰਵਰੀ ਨੂੰ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਆਪਣਾ ਪਹਿਲਾ ਅੰਤਰਿਮ ਬਜਟ ਪੇਸ ਕੀਤਾ ਹੈ। ਨਰਿੰਦਰ ਮੋਦੀ ਸਰਕਾਰ ਦੇ 10 ਸਾਲਾਂ ਦੇ ਕਾਰਜਕਾਲ ਦਾ ਇਹ ਦੂਜਾ ਅੰਤਰਿਮ ਬਜਟ ਹੈ। ਇਸ ਬਜਟ ਰਾਹੀਂ ਸਰਕਾਰ ਨੂੰ ਉਦੋਂ ਤੱਕ ਖਰਚ ਕਰਨ ਦੀ ਇਜਾਜਤ ਦਿੱਤੀ ਜਾਂਦੀ ਹੈ ਜਦੋਂ ਤੱਕ ਨਵੀਂ ਸਰਕਾਰ ਪੂਰਾ ਬਜਟ ਪਾਸ ਨਹੀਂ ਕਰ ਲੈਂਦੀ। ਇਸ ਦੇ ਨਾਲ ਹੀ ਨਵੀਂ ਸਰਕਾਰ ਨੂੰ ਅੰਤਰਿਮ ਬਜਟ ਰਾਹੀਂ ਪੂਰੇ ਬਜਟ ਬਾਰੇ ਫੈਸਲੇ ਲੈਣ ਦੀ ਵੀ ਇਜਾਜਤ ਦਿੱਤੀ ਜਾਂਦੀ ਹੈ। ਚੋਣ ਨਤੀਜਿਆਂ ਤੋਂ ਬਾਅਦ ਕਿਸੇ ਕਾਰਨ ਸਰਕਾਰ ਸਮੇਂ ਸਿਰ ਪੂਰਨ ਬਜਟ ਪੇਸ਼ ਨਹੀਂ ਕਰ ਪਾਉਂਦੀ ਹੈ, ਤਾਂ ਉਸਨੂੰ ਖਰਚੇ ਲਈ ਸਦਨ ਦੀ ਮਨਜ਼ੂਰੀ ਲੈਣੀ ਪੈਂਦੀ ਹੈ। ਸਰਕਾਰ ਅੰਤਰਿਮ ਬਜਟ ਵਿਚ ਨਵੇਂ ਐਲਾਨ ਕਰਨ ਲਈ ਆਜਾਦ ਹੈ। ਉਦਾਹਰਣ ਵਜੋਂ, ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੇ ਆਪਣੇ ਪਹਿਲੇ ਅੰਤਰਿਮ ਬਜਟ ਭਾਵ 2019 ਵਿਚ ਪ੍ਰਧਾਨ ਮੰਤਰੀ-ਕਿਸਾਨ ਸਨਮਾਨ ਨਿਧੀ ਯੋਜਨਾ ਦਾ ਐਲਾਨ ਕੀਤਾ ਸੀ। ਇਸ ਤੋਂ ਇਲਾਵਾ ਟੈਕਸ ਛੋਟ ਅਤੇ ਸਟੈਂਡਰਡ ਡਿਡਕਸਨ 'ਤੇ ਵੀ ਅਹਿਮ ਫੈਸਲੇ ਲਏ ਗਏ। ਇਸ ਦਾ ਮਤਲਬ ਇਹ ਹੈ ਕਿ ਮੋਦੀ ਸਰਕਾਰ ਦਾ ਪਹਿਲਾ ਅੰਤਰਿਮ ਬਜਟ ਲੋਕ-ਲੁਭਾਊ ਸੀ ਅਤੇ ਇਸ ਰਾਹੀਂ ਇਕ ਨਵੇਂ ਲਾਭਪਾਤਰੀ ਵਰਗ ਨੂੰ ਲੁਭਾਉਣ ਦੀ ਕੋਸ਼ਿਸ਼ ਕੀਤੀ ਗਈ। ਇਸੇ ਤਰ੍ਹਾਂ ਹੁਣ ਮੋਦੀ ਸਰਕਾਰ ਦੇ ਦੂਜੇ ਕਾਰਜਕਾਲ ਵਿਚ ਵੀ ਲੋਕਪ੍ਰਿਅ ਬਜਟ ਦੀ ਉਮੀਦ ਕੀਤੀ ਜਾ ਸਕਦੀ ਹੈ। ਹਾਲਾਂਕਿ ਨਵੀਂ ਸਰਕਾਰ ਪੂਰਾ ਬਜਟ ਪੇਸ ਕਰਦੇ ਹੋਏ ਅੰਤਰਿਮ ਬਜਟ ਦੇ ਫੈਸਲਿਆਂ ਨੂੰ ਬਦਲਣ ਲਈ ਆਜਾਦ ਹੈ।

ਜਦੋਂ ਤੱਕ ਜਿੰਦਾ ਹਾਂ, ਬੰਗਾਲ 'ਚ ਨਾਗਰਿਕਤਾ ਸੋਧ ਐਕਟ ਲਾਗੂ ਨਹੀਂ ਹੋਣ ਦਿਆਂਗੀ : ਮਮਤਾ

ਰਾਏਗੰਜ 1 ਫਰਵਰੀ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਨਾਗਰਿਕਤਾ ਸੋਧ ਐਕਟ (ਸੀ. ਏ. ਏ.) ਦਾ ਮੁੱਦਾ ਉਠਾਉਣ ਲਈ ਭਾਜਪਾ 'ਤੇ

ਮੰਗਲਵਾਰ ਨਿਸਾਨਾ ਵਿੰਨ੍ਹਿਆ ਅਤੇ ਕਿਹਾ ਕਿ ਉਹ ਜਦ ਤਕ ਜਿਊਂਦੀ ਹੈ, ਇਸ ਨੂੰ ਸੂਬੇ ਵਿੱਚ ਲਾਗੂ ਨਹੀਂ ਹੋਣ ਦੇਵੇਗੀ। ਉੱਤਰੀ ਦਿਨਾਜਪੁਰ ਜ਼ਿਲ੍ਹੇ ਦੇ ਰਾਏਗੰਜ ਵਿੱਚ ਇੱਕ ਜਨਤਕ ਵੰਡ ਪ੍ਰੋਗਰਾਮ ਦੌਰਾਨ ਉਨ੍ਹਾਂ ਦੋਸ ਲਾਇਆ ਕਿ ਭਾਰਤੀ ਜਨਤਾ ਪਾਰਟੀ ਨੇ ਫਾਇਦਾ ਲੈਣ ਲਈ ਆਉਣ ਵਾਲੀਆਂ ਚੋਣਾਂ ਤੋਂ ਪਹਿਲਾਂ ਨਾਗਰਿਕਤਾ (ਸੋਧ) ਕਾਨੂੰਨ ਨੂੰ ਲਾਗੂ ਕਰਨ ਦਾ ਮੁੱਦਾ ਉਠਾਇਆ ਹੈ। ਮੈਂ ਇਹ ਸਪੱਸਟ ਕਰ ਦਿੰਦੀ ਹਾਂ ਕਿ ਜਦੋਂ ਤੱਕ ਮੈਂ ਜ਼ਿੰਦਾ ਹਾਂ, ਇਸ ਨੂੰ ਪੱਛਮੀ ਬੰਗਾਲ ਵਿੱਚ ਲਾਗੂ ਨਹੀਂ ਹੋਣ ਦਿਆਂਗੀ। ਬੈਨਰਜੀ ਨੇ ਕੇਂਦਰੀ ਮੰਤਰੀ ਅਤੇ ਭਾਜਪਾ ਨੇਤਾ ਸਾਂਤਨੂ ਠਾਕੁਰ ਦੇ ਤਾਜਾ ਦਾਅਵੇ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਇਹ ਗੱਲ ਕਹੀ। ਠਾਕੁਰ ਨੇ ਦਾਅਵੇ ਨਾਲ ਕਿਹਾ ਸੀ ਕਿ ਇੱਕ ਹਫਤੇ ਅੰਦਰ ਪੂਰੇ ਦੇਸ ਵਿੱਚ (ਸੀ. ਏ. ਏ. ਲਾਗੂ ਕਰ ਦਿੱਤਾ ਜਾਵੇਗਾ।

ਜੰਮੂ-ਕਸ਼ਮੀਰ 'ਚ ਇੰਟਰਨੈੱਟ 'ਤੇ ਪਾਬੰਦੀ ਨੂੰ ਲੈ ਕੇ ਸੁਪਰੀਮ ਕੋਰਟ ਦੀ ਟਿੱਪਣੀ

ਨਵੀਂ ਦਿੱਲੀ 1 ਫਰਵਰੀ। ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕਿਹਾ ਕਿ ਜੰਮੂ-ਕਸ਼ਮੀਰ 'ਚ ਇੰਟਰਨੈੱਟ ਸੇਵਾਵਾਂ ਬਹਾਲ ਕਰਨ ਦੀਆਂ ਪਟੀਸਨਾਂ 'ਤੇ ਵਿਚਾਰ ਕਰਨ ਵਾਲੇ ਸਮੀਖਿਆ ਹੁਕਮਾਂ ਦਾ ਮਤਲਬ ਅਲਮਾਰੀ 'ਚ ਰੱਖਣ ਲਈ ਨਹੀਂ ਹੈ। ਅਦਾਲਤ ਨੇ ਪ੍ਰਸਾਸਨ ਨੂੰ ਇਨ੍ਹਾਂ ਨੂੰ ਪ੍ਰਕਾਸ਼ਿਤ ਕਰਨ ਲਈ ਵੀ ਕਿਹਾ ਹੈ। ਜਸਟਿਸ ਬੀ.ਆਰ. ਜਸਟਿਸ ਗਵਈ ਅਤੇ ਜਸਟਿਸ ਸੰਜੇ ਕਰੋਲ ਦੀ ਬੈਂਚ ਨੇ ਜੰਮੂ-ਕਸਮੀਰ ਪ੍ਰਸਾਸਨ ਵੱਲੋਂ ਪੇਸ ਹੋਏ ਵਧੀਕ ਸਾਲਿਸਟਰ ਜਨਰਲ ਕੇ.ਐਮ. ਨਟਰਾਜ ਨੂੰ ਨਿਰਦੇਸ ਲੈਣ ਅਤੇ ਸੁਣਵਾਈ ਦੀ ਅਗਲੀ ਤਰੀਕ 'ਤੇ ਅਦਾਲਤ ਨੂੰ ਜਾਣੂ ਕਰਵਾਉਣ ਲਈ ਦੋ ਹਫਤਿਆਂ ਦਾ ਸਮਾਂ ਦਿੱਤਾ ਗਿਆ ਸੀ। ਬੈਂਚ 'ਫਾਊਂਡੇਸਨ ਫਾਰ ਮੀਡੀਆ ਪ੍ਰੋਫੈਸਨਲਜ' ਵੱਲੋਂ ਦਾਇਰ ਅਰਜੀ 'ਤੇ ਸੁਣਵਾਈ ਕਰ ਰਹੀ ਸੀ।

ਕੇਂਦਰ ਨੇ ਪੇਸ਼ ਕੀਤਾ ਖੋਖਲਾ ਬਜਟ, ਨੌਜਵਾਨਾਂ, ਔਰਤਾਂ ਅਤੇ ਕਿਸਾਨਾਂ ਲਈ ਕੁਝ ਨਹੀਂ : ਹਰਸਿਮਰਨ ਕੌਰ ਬਾਦਲ

ਨਵੀਂ ਦਿੱਲੀ 1 ਫਰਵਰੀ। ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮ ਦੁਆਰਾ ਵੀਰਵਾਰ ਨੂੰ ਅੰਤਰਿਮ ਆਮ ਬਜਟ ਪੇਸ਼ ਕੀਤਾ ਗਿਆ ਜਿਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਆਪਣੀ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਇਹ ਬਜਟ ਬਿਲਕੁਲ ਖੋਖਲਾ ਸੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਗਏ ਇਸ ਬਜਟ ਵਿਚ ਨੌਜਵਾਨਾਂ, ਔਰਤਾਂ ਅਤੇ ਕਿਸਾਨਾਂ ਲਈ ਕੁਝ ਨਹੀਂ ਸੀ। ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਸੀ ਕਿ ਸਰਕਾਰ ਵੱਲੋਂ ਚੋਣ ਬਜਟ ਵਿਚ

ਰਿਵਾੜੀ ਦਾ ਐਲਾਨ ਕੀਤਾ ਜਾਵੇਗਾ ਪਰ ਸਰਕਾਰ ਵੱਲੋਂ ਅਜਿਹਾ ਐਲਾਨ ਨਾ ਕਰਨਾ ਇਕ ਚੰਗਾ ਕਦਮ ਹੈ। ਸਰਕਾਰ ਵੱਲੋਂ ਕੀਤੇ 10 ਸਾਲਾਂ ਦੇ ਵਾਅਦਿਆਂ ਦਾ ਕੀ ਹੋਇਆ ਇਸ ਬਾਰੇ ਕੋਈ ਚਰਚਾ ਨਹੀਂ ਹੋਈ। ਸਰਕਾਰ ਨੂੰ ਆਪਣੇ ਪਿਛਲੇ 10 ਸਾਲਾਂ ਦੇ ਕੰਮਾਂ ਬਾਰੇ ਵੀ ਦੱਸਣਾ ਚਾਹੀਦਾ ਹੈ। ਸਰਕਾਰ ਕੋਲ ਪਿਛਲੇ 10 ਸਾਲਾਂ ਵਿੱਚ ਕੀਤੇ ਵਾਅਦੇ ਪੂਰੇ ਕਰਨ ਦਾ ਮੌਕਾ ਸੀ ਨਾ ਕਿ ਜਨਤਾ ਨੂੰ ਹੋਰ ਸੁਪਨੇ ਦਿਖਾਉਣ ਦਾ। ਉਨ੍ਹਾਂ ਕਿਹਾ ਕਿ ਮੈਂ ਹੰਕਾਰ ਦੇਖਿਆ ਜਦੋਂ ਉਨ੍ਹਾਂ ਨੇ ਕਿਹਾ ਕਿ ਉਹ ਜੁਲਾਈ ਵਿਚ ਬਜਟ ਪੇਸ ਕਰਨਗੇ। ਤੁਸੀਂ ਕਿਸੇ ਵੀ ਚੋਣਾਂ ਨੂੰ ਹਲਕੇ ਵਿਚ ਨਹੀਂ ਲੈ ਸਕਦੇ।

ਮੁੱਖ ਮੰਤਰੀ ਖੱਟੜ ਨੇ ਸੜਕਾਂ ਦੀ ਮੁਰੰਮਤ ਅਤੇ ਸੁਧਾਰ ਲਈ 25 ਕਰੋੜ ਰੁਪਏ ਦੀ ਮਨਜੂਰੀ ਦਿੱਤੀ

ਹਰਿਆਣਾ 1 ਫਰਵਰੀ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਹਿਸਾਰ ਜ਼ਿਲ੍ਹੇ ਦੇ ਉਕਲਾਨਾ 'ਚ 7 ਓਡੀਆਰ ਸੜਕਾਂ ਦੀ ਵਿਸ਼ੇਸ਼ ਮੁਰੰਮਤ ਅਤੇ



ਸੁਧਾਰ ਲਈ 25 ਕਰੋੜ ਰੁਪਏ ਕਰਚ ਦੀ ਪ੍ਰਸ਼ਾਸਨਿਕ ਮਨਜ਼ੂਰੀ ਦਿੱਤੀ ਹੈ। ਅਧਿਕਾਰਤ ਬੁਲਾਰੇ ਨੇ ਵੀਰਵਾਰ ਨੂੰ ਦੱਸਿਆ ਕਿ ਪੇਂਡੂ ਖੇਤਰਾਂ ਤੋਂ ਉਤਪਾਦਨ ਨੂੰ ਬਾਜਾਰ ਕੇਂਦਰਾਂ, ਤਹਿਸੀਲ ਹੈੱਡ ਕੁਆਰਟਰਾਂ, ਬਲਾਕ ਵਿਕਾਸ ਹੈੱਡ ਕੁਆਰਟਰਾਂ, ਰੇਲਵੇ ਸਟੇਸ਼ਨਾਂ ਆਦਿ ਤੱਕ ਪਹੁੰਚ ਪ੍ਰਦਾਨ ਕਰਨ ਵਾਲੀਆਂ ਸੜਕਾਂ ਨੂੰ ਹੋਰ ਜ਼ਿਲ੍ਹਾ ਸੜਕਾਂ (ਓਡੀਆਰ) ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰਾਜੈਕਟਾਂ 'ਚ ਅਨੁਮਾਨਿਤ ਲਾਗਤ 'ਚ 2.26 ਕਿਲੋਮੀਟਰ ਤੱਕ ਫੈਲੀ ਪਿੰਡ ਕੰਦੁਲ ਤੋਂ ਕਿਨਾਲਾ ਸੜਕ ਦਾ ਚੌੜੀਕਰਨ 2.75 ਕਰੋੜ, ਪਿੰਡ ਫਰੀਦਪੁਰ ਤੋਂ ਭੈਣੀ ਬਾਦਾਸ਼ਪੁਰ ਤੱਕ, 3.52 ਕਿਲੋਮੀਟਰ ਲੰਬੀ ਸੜਕ 'ਤੇ 1.75 ਕਰੋੜ, ਪਿੰਡ ਦੌਲਤਪੁਰ ਤੋਂ ਖੇਦੜ ਵਾਇਆ ਇਸਰਹੇੜੀ 9.33 ਕਿਲੋਮੀਟਰ ਲੰਬੀ ਸੜਕ 'ਤੇ 7.64 ਕਰੋੜ, ਉਕਲਾਨਾ ਦੇ ਪਿੰਡ ਨੋਹ 'ਚ 1.520 ਕਿਲੋਮੀਟਰ ਤੱਕ ਚੌਪਾਲ ਤੋਂ ਦੋਵੇਂ ਬੱਸ ਸਟੈਂਡ ਤੱਕ ਦਾ ਮੁੜ ਨਿਰਮਾਣ 'ਤੇ 2.65 ਕਰੋੜ ਖਰਚ ਹੋਣਗੇ। ਪਿੰਡ ਛੰਨਾ ਤੋਂ ਸੰਦਲਾਣਾ ਤੱਕ ਸੜਕ ਦੀ ਮਜਬੂਤੀ, ਬਰਵਾਲਾ ਤੋਂ ਖਰਕੜਾ ਤੱਕ ਸੜਕ ਦੀ ਵਿਸ਼ੇਸ਼ ਮੁਰੰਮਤ ਅਤੇ ਗੈਬੀਪੁਰ ਬਬੁਵਾ ਹਸਨਗੜ੍ਹ ਲਿਤਾਨੀ ਸੜਕ ਦਾ ਵੀ ਮਜਬੂਤੀਕਰਨ ਕੀਤਾ ਜਾਵੇਗਾ।

ਕੇਂਦਰ ਸਰਕਾਰ ਨਵੰਬਰ 1984 ਦੀ ਜਾਂਚ ਦੋਬਾਰਾ ਕਰਵਾਏ-ਗੁਰਚਰਨ ਸਿੰਘ ਬੱਬਰ

ਨਵੀਂ ਦਿੱਲੀ 1 ਫਰਵਰੀ। ਆਲ ਇੰਡੀਆ ਸਿੱਖ ਕਾਨਫਰੰਸ ਬੱਬਰ ਨੇ ਅੱਜ ਇੱਕ ਬਿਆਨ ਵਿੱਚ ਕਿਹਾ ਹੈ ਕਿ ਸਿੱਖ ਕੌਮ ਨੂੰ ਨਵੰਬਰ 1984 ਦੇ ਕਤਲੇਆਮ ਦਾ ਇਨਸਾਫ ਨਹੀਂ ਮਿਲਿਆ।ਆਲ ਇੰਡੀਆ ਸਿੱਖ ਕਾਨਫਰੰਸ ਬੱਬਰ ਨੇ ਕਿਹਾ ਹੈ ਕਿ ਨਵੰਬਰ 1984 ਦੇ ਸਿੱਖ ਕਤਲੇਆਮ ਸਬੰਧੀ ਬਣਾਈਆਂ ਗਈਆਂ ਸਾਰੀਆਂ ਜਾਂਚ ਕਮੇਟੀਆਂ ਸਿੱਖ ਨਾਲ ਵੱਡਾ ਧੋਖਾ ਹੈ। ਆਲ ਇੰਡੀਆ ਸਿੱਖ ਕਾਨਫਰੰਸ ਬੱਬਰ ਨੇ ਕਿਹਾ ਹੈ ਕਿ ਹੁਣ ਕਿਉਂਕਿ ਸਾਰੀਆਂ ਜਾਂਚ ਕਮੇਟੀਆਂ ਅਤੇ ਕਮਿਸਨਾਂ ਨੂੰ ਬੰਦ ਕਰ ਦਿੱਤਾ ਗਿਆ ਹੈ ਅਤੇ ਹੁਣ ਕਿਸੇ ਵੀ ਅਦਾਲਤ ਵਿੱਚ ਕਿਸੇ ਵੀ ਦੋਸੀ ਵਿਰੁੱਧ ਕੋਈ ਕੇਸ ਨਹੀਂ ਚੱਲ ਰਿਹਾ ਹੈ। ਨਵੰਬਰ 1984 ਦੇ ਕਤਲੇਆਮ ਦਾ ਮੁੱਦਾ ਦੇਸ ਅਤੇ ਦੁਨੀਆ ਭਰ ਦੇ ਸਿੱਖਾਂ ਦੇ ਏਜੰਡੇ 'ਤੇ ਉੱਚਾ ਹੈ। ਆਲ ਇੰਡੀਆ ਕਾਨਫਰੰਸ ਦੇ ਬੱਬਰ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਨਵੰਬਰ 1984 ਦੇ ਸਿੱਖ ਕਤਲੇਆਮ ਦੀ ਜਾਂਚ ਸੁਪਰੀਮ ਕੋਰਟ ਦੇ ਦੋ ਮੌਜੂਦਾ ਜੱਜਾਂ ਤੋਂ ਬਿਨਾਂ ਕਿਸੇ ਦੇਰੀ ਤੋਂ ਕਰਵਾਈ ਜਾਵੇ।

ਅੰਤਰਿਮ ਬਜਟ ਨੇ ਲੋਕਾਂ ਦੀਆਂ ਉਮੀਦਾਂ 'ਤੇ ਫੇਰਿਆ ਪਾਣੀ : ਸਵਾਤੀ ਮਾਲੀਵਾਲ

ਨਵੀਂ ਦਿੱਲੀ 1 ਫਰਵਰੀ। ਆਮ ਆਦਮੀ ਪਾਰਟੀ (ਆਪ) ਦੀ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਨੇ ਵੀਰਵਾਰ ਨੂੰ ਕਿਹਾ ਕਿ 2023-2025 ਦੇ ਅੰਤਰਿਮ ਬਜਟ ਨੇ ਆਮ ਜਨਤਾ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ ਕਿਉਂਕਿ ਇਸ ਵਿਚ ਕੋਈ ਟੈਕਸ ਛੋਟ ਨਹੀਂ ਦਿੱਤੀ ਗਈ। ਮਾਲੀਵਾਲ ਨੇ ਹਿੰਦੀ 'ਚ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਇਕ ਪੋਸਟ 'ਚ ਕਿਹਾ ਕਿ ਇਸ ਵਾਰ ਵੀ ਆਮ ਜਨਤਾ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ ਹੈ। ਕੋਈ ਟੈਕਸ ਛੋਟ ਨਹੀਂ, ਪੈਟਰੋਲ ਅਤੇ ਡੀਜਲ ਦੀਆਂ ਕੀਮਤਾਂ 'ਚ ਕੋਈ ਕਮੀ ਨਹੀਂ, ਮਹਿੰਗਾਈ ਘੱਟ ਕਰਨ ਦੀ ਕੋਈ ਗੱਲ ਨਹੀਂ। ਔਰਤਾਂ ਦੀ ਸੁਰੱਖਿਆ ਅਤੇ ਉਨ੍ਹਾਂ ਦਾ ਵਿਕਾਸ ਸਿਰਫ ਕਾਗਜਾਂ 'ਤੇ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ 2024-25 ਲਈ ਲੇਖਾ ਜਾਂ ਅੰਤਰਿਮ ਬਜਟ ਪੇਸ ਕਰਦੇ ਹੋਏ ਵਿਅਕਤੀਆਂ ਅਤੇ ਕਾਰਪੋਰੇਟਾਂ ਲਈ ਆਮਦਨ ਕਰ ਦਰਾਂ ਦੇ ਨਾਲ-ਨਾਲ ਕਸਟਮ ਡਿਊਟੀਆਂ ਵਿਚ ਕੋਈ ਬਦਲਾਅ ਨਾ ਕਰ

ਫਾਈਨਲ ਪ੍ਰੀਖਿਆ ਦੇ ਸਮੇਂ ਚੋਣ ਡਿਊਟੀਆਂ ਦੇ ਖੌਫ ’ਚ ਮਹਿਲਾ ਟੀਚਰ, ਵਿਦਿਆਰਥੀਆਂ ਦੀ ਵੀ ਵਧੇਗੀ ਚਿੰਤਾ

ਅੰਮ੍ਰਿਤਸਰ 1 ਫਰਵਰੀ। ਚੋਣ ਦੌਰ ’ਚ ਅਧਿਆਪਕਾਂ ਦੀਆਂ ਇਲੈਕਸ਼ਨ ਦੇ ਸਬੰਧ ’ਚ ਲਗਾਈਆਂ ਗਈਆਂ ਡਿਊਟੀਆਂ ਕਾਰਨ, ਜਿੱਥੇ ਵਿਦਿਆਰਥੀਆਂ ਦੀਆਂ ਸਿੱਖਿਆ ਸਬੰਧੀ ਮੁਸ਼ਕਲਾਂ ਵੱਧ ਰਹੀਆਂ ਹਨ, ਉੱਥੇ ਹੀ ਛੋਟੇ ਬੱਚਿਆਂ ਦੇ ਤਾਂ ਆਉਣ ਵਾਲੇ ਭਵਿੱਖ ਲਈ ਵੀ ਖਤਰਾ ਬਣਦਾ ਜਾ ਰਿਹਾ ਹੈ। ਲੋਕ ਸਭਾ ਦੀ ਇਹ ਚੋਣ ਉਸ ਮਿਆਦ ’ਚ ਹੋਣ ਜਾ ਰਹੀ ਹੈ ਜਦੋਂ ਵਿਦਿਆਰਥੀਆਂ ਦੀ ਫਾਈਨਲ ਪ੍ਰੀਖਿਆ ਦਾ ਸਮਾਂ ਹੁੰਦਾ ਹੈ। ਇਨ੍ਹੀਂ ਦਿਨੀਂ ਭਾਵੇਂ ਕੋਈ ਛੋਟੀ ਕਲਾਸ ਦਾ ਬੱਚਾ ਹੋਵੇ ਜਾਂ ਕਾਲਜ ਦਾ ਵਿਦਿਆਰਥੀ, ਪੜ੍ਹਾਈ ਦਾ ਪੀਕ ਲੋਡ ਚੱਲ ਰਿਹਾ ਹੁੰਦਾ ਹੈ। ਬੁੱਧੀਜੀਵੀ ਵਰਗ ਦਾ ਮੰਨਣਾ ਹੈ ਕਿ ਇਨ੍ਹਾਂ ਹਾਲਾਤਾਂ ’ਚ ਜੇਕਰ ਵਿਦਿਆਰਥੀਆਂ ਦੇ ਸਾਹਮਣੇ ਅਧਿਆਪਕ ਦੀ ਹਾਜਰੀ ਨਾ ਹੋਵੇ ਤਾਂ ਉਸ ਦੇ ਭਵਿੱਖ ਦੀ ਕੀ ਉਮੀਦ ਕੀਤੀ ਜਾ ਸਕਦੀ ਹੈ? ਇਸ ਵਿਚ ਇਕ ਪਾਸੇ ਤਾਂ ਮਹਿਲਾ ਟੀਚਰ ਖੌਫਜਦਾ ਹਨ, ਉੱਥੇ ਹੀ ਵਿਦਿਆਰਥੀਆਂ ਦਾ ਭਵਿੱਖ ਵੀ ਖਤਰੇ ’ਚ ਪੈਣ ਲੱਗਾ ਹੈ। ਬੱਚਿਆਂ ਦੀ ਪ੍ਰੀਖਿਆ ਦੀ ਜੇਕਰ ਸਮਾਂ ਮਿਆਦ ਦਾ ਅੰਦਾਜਾ ਲਾਇਆ ਜਾਵੇ ਤਾਂ ਇਨ੍ਹੀਂ ਦਿਨੀਂ ਲੋਕ ਪਰਿਵਾਰਕ ਮੈਂਬਰਾਂ ਦੇ ਵਿਆਹ ਦੇ ਮੁਹੂਰਤ ਨਹੀਂ ਕੱਢਵਾਉਂਦੇ ਜਾਂ ਟੂਰ ਪ੍ਰੋਗਰਾਮ ਰੱਦ ਕਰ ਦਿੰਦੇ ਹਨ। ਓਧਰ ਦੂਜੇ ਪਾਸੇ ਟੀਚਰਾਂ ਦੀ ਸਮੱਸਿਆ ਇਸ ਤੋਂ ਵੀ ਵੱਧ ਭਿਆਨਕ ਹੈ। ਇਕ ਪਾਸੇ ਉਨ੍ਹਾਂ ਨੂੰ ਆਪਣੇ ਵਿਦਿਆਰਥੀਆਂ ਦਾ ਸਿਲੇਬਸ ਪੂਰਾ ਕਰਨਾ ਹੁੰਦਾ ਹੈ, ਉੱਥੇ ਹੀ ਦੂਜੇ ਪਾਸੇ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਰਹਿਣ-ਸਹਿਣ ਦਾ ਪਾਲਣ ਕਰਨਾ ਪੈਂਦਾ ਹੈ। ਟੀਚਰਾਂ ਦੇ ਆਪਣੇ ਘਰਾਂ ’ਚ

ਬੈਠੇ ਬਜੁਰਗ ਮਾਂ-ਬਾਪ ਜੋ ਇਨ੍ਹਾਂ ਦੇ ਸਹਾਰੇ ਹੁੰਦੇ ਹਨ ਉਨ੍ਹਾਂ ਦੀ ਸੇਵਾ ਵੀ ਉਨ੍ਹਾਂ ਲਈ ਸਭ ਤੋਂ ਉੱਪਰ ਹੈ। ਉੱਥੇ ਹੀ ਇਲੈਕਸ਼ਨ ਦੇ ਦੌਰ ’ਚ ਤਾਂ ਬਜੁਰਗਾਂ ਦਾ ਵੀ ਮਾੜਾ ਹਾਲ ਹੋਣ ਲੱਗਦਾ ਹੈ। ਇਸ ਮਾਮਲੇ ’ਚ ਪੰਜਾਬ ਯੂਨੀਵਰਸਿਟੀ ’ਚ ਲਾਅ-ਪ੍ਰੋਫੈਸਰ ਅਤੇ ਪੰਜਾਬ-ਹਰਿਆਣਾ ਹਾਈ ਕੋਰਟ ਦੇ ਐਡਵੋਕੇਟ ਮੈਡਮ ਰਾਬੀਆ ਗੁੰਦ ਅਤੇ ਹਾਈਕੋਰਟ ਦੇ ਸੀਨੀਅਰ ਐਡਵੋਕੇਟ ਕੰਵਰ ਪਾਹੁਲ ਸਿੰਘ ਨੇ ਕਿਹਾ ਹੈ ਕਿ ਸਰਕਾਰ ਨੇ ਇਸ ਮਾਮਲੇ ’ਚ ਪਹਿਲਾਂ ਵੀ ਭਰੋਸਾ ਦਿੱਤਾ ਹੋਇਆ ਹੈ ਕਿ ਚੋਣਾਂ ਦੇ ਦਿਨਾਂ ’ਚ ਮਹਿਲਾ ਟੀਚਰਾਂ ਦੀਆਂ ਡਿਊਟੀਆਂ ਨਹੀਂ ਲਗਾਈਆਂ ਜਾਣਗੀਆਂ। ਉੱਥੇ ਹੀ ਡਿਊਟੀਆਂ ਵੀ ਲਗਾਈਆਂ ਜਾ ਰਹੀਆਂ ਹਨ ਅਤੇ ਬੱਚਿਆਂ ਦੀ ਪ੍ਰੀਖਿਆ ਦੇ ਦਿਨ ਸਿਰ ’ਤੇ ਹਨ। ਅਜਿਹੀ ਹਾਲਤ ’ਚ ਬੱਚਿਆਂ ਦੇ ਭਵਿੱਖ ਦੀ ਸੁਰੱਖਿਆ ਕਿੱਥੇ ਹੈ? ਉਪਰੋਕਤ ਹਸਤੀਆਂ ਦਾ ਕਹਿਣਾ ਹੈ ਕਿ ਮਹਿਲਾ ਅਧਿਆਪਕਾਂ ਨੂੰ ਚੋਣ ਨਾਲ ਸਬੰਧਤ ਫੀਲਡ-ਵਰਕ ਆਦਿ ਹੋਰ ਕੰਮ ਕਰਨ ਦਾ ਕੋਈ ਤਜਰਬਾ ਵੀ ਨਹੀਂ ਹਨ। ਪ੍ਰਸ਼ਾਸਨ ਨੂੰ ਇਸ ਮਾਮਲੇ ’ਚ ਔਰਤਾਂ ਦੀ ਮਜਬੂਰੀ ਅਤੇ ਭਾਵਨਾਵਾਂ ਨੂੰ ਸਮਝਦੇ ਹੋਏ ਉਚਿਤ ਕਦਮ ਚੁੱਕਣ ਦੀ ਲੋੜ ਹੈ। ਜਿੱਥੇ ਮਹਿਲਾ ਟੀਚਰਾਂ ਦੀ ਸਥਿਤੀ ਦੀ ਗੱਲ ਕੀਤੀ ਜਾਵੇ ਤਾਂ ਪਰਿਵਾਰਕ ਔਰਤਾਂ ਜਦੋਂ ਘਰ-ਘਰ ਜਾ ਕੇ ਵੋਟ ਬਣਾਉਣ ਲਈ ਪੁੱਜਦੀਆਂ ਹਨ ਤਾਂ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਲੋਕਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਨਾਲੋਂ ਵੀ ਵੱਡੀ ਮੁਸ਼ਕਲ ਹੈ ਕਿ ਚੋਣ ਦੌਰ ’ਚ ਵੱਡੀ ਗਿਣਤੀ ’ਚ ਪਿਛੜੇ ਖੇਤਰ ’ਚ ਰਹਿਣ ਵਾਲੇ ਲੋਕ ਵੱਧ ਗੁਸਤਾਖ ਹੋ ਚੁੱਕੇ ਹੁੰਦੇ ਹਨ। ਇਨ੍ਹਾਂ ਹਾਲਾਤਾਂ ’ਚ ਔਰਤਾਂ ਦੀ ਸੁਰੱਖਿਆ ਕਿਵੇਂ ਹੋਵੇਗੀ? ਇਹ ਇਕ ਵੱਡਾ ਪ੍ਰਸ਼ਨ ਹੈ। ਸੀਨੀਅਰ ਐਡਵੋਕੇਟ ਅਤੇ ਸਾਬਕਾ ਕੌਂਸਲਰ ਕੁੰਵਰ ਰਾਜਿੰਦਰ ਸਿੰਘ ਦਾ ਕਹਿਣਾ ਹੈ ਕਿ ਇਲੈਕਸ਼ਨ ਦੇ ਦਿਨਾਂ ’ਚ ਵੋਟ ਆਦਿ ਬਣਾਉਣ ਲਈ ਸਬੰਧਤ ਪ੍ਰਸ਼ਾਸਨ ਨੂੰ ਔਰਤਾਂ ਦੇ ਹਿੱਤਾਂ ਦੇ ਮੱਦੇਨਜਰ ਪ੍ਰਾਈਵੇਟ ਏਜੰਸੀਆਂ ਦੀ ਮਦਦ ਲੈਣੀ ਚਾਹੀਦੀ। ਇਨ੍ਹਾਂ ਨੂੰ ਉਚਿਤ ਤਨਖਾਹ ਦੇ ਕੇ ਜਾਂ ਕਾਂਟ੍ਰੈਕਟ ਬੇਸ ’ਤੇ ਜੌਬ ਵਰਕ ਦੇਣੀ ਚਾਹੀਦੀ ਤਾਂ ਕਿਸੇ ਦੇ ਭਵਿੱਖ ਦਾ ਨੁਕਸਾਨ ਨਾ ਹੋਵੇ।

ਚੋਰਾਂ ਦੇ ਹੌਸਲੇ ਬੁਲੰਦ, ਸਕੂਲ ਬੱਸ ’ਚੋਂ 20 ਲਿਟਰ ਡੀਜਲ ਚੋਰੀ

ਬਟਾਲਾ 1 ਫਰਵਰੀ। ਪਿੰਡ ਠਕਰ ਸੰਧੂ ਡੇਰੇ ’ਤੇ ਖੜ੍ਹੀ ਸਕੂਲ ਬੱਸ ’ਚੋਂ 20 ਲਿਟਰ ਡੀਜਲ ਚੋਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਅਨੂਪ ਸਿੰਘ ਬਲੱਗਣ, ਅਵਤਾਰ ਸਿੰਘ ਘੁੰਮਣ, ਹਰਜੀਤ ਸਿੰਘ ਕੋਟ ਬੁੱਢਾ, ਜਸਵੰਤ ਸਿੰਘ, ਕੁਲਵੰਤ ਸਿੰਘ ਅਤੇ ਦਲਬੀਰ ਸਿੰਘ ਨੇ ਸਾਂਝੇ ਤੌਰ ’ਤੇ ਦੱਸਿਆ ਕਿ ਨਿੱਜੀ ਸਕੂਲ ਕਾਲਾ ਬਾਲਾ ਦੀ ਬੱਸ, ਜੋ ਕਿ ਪਿੰਡ ਠਕਰ ਸੰਧੂ ਵਿਖੇ ਲੱਗੀ ਹੋਈ ਸੀ, ’ਚੋਂ ਚੋਰਾਂ ਵੱਲੋਂ ਉਸ ਦਾ ਡੀਜਲ ਚੋਰੀ ਕਰ ਲਿਆ ਗਿਆ। ਉਨ੍ਹਾਂ ਦੱਸਿਆ ਕਿ ਸਵੇਰੇ ਬੱਸ ਦਾ ਡਰਾਈਵਰ ਬੱਸ ਕੋਲ ਆਇਆ ਤੇ ਦੇਖਿਆ ਕਿ ਡੀਜਲ ਬੱਸ ਦੇ ਥੱਲੇ ਡੁੱਲਿਆ ਹੋਇਆ ਸੀ। ਇਸ ਸਬੰਧੀ ਬੱਸ ਦੇ ਡਰਾਈਵਰ ਜਸਵੰਤ ਸਿੰਘ ਨੇ ਜਦੋਂ ਬੱਸ ਮਾਲਕਾਂ ਨੂੰ ਸੂਚਨਾ ਦਿੱਤੀ ਤਾਂ ਉਨ੍ਹਾਂ ਮੌਕੇ ’ਤੇ ਜਾ ਕੇ ਦੇਖਿਆ ਕਿ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਬੱਸ ’ਚੋਂ ਡੀਜਲ ਚੋਰੀ ਕਰ ਲਿਆ ਗਿਆ ਸੀ। ਇਸ ਸਬੰਧੀ ਉਨ੍ਹਾਂ ਥਾਣਾ ਸੇਖਵਾਂ ਨੂੰ ਸੂਚਿਤ ਕਰ ਦਿੱਤਾ ਅਤੇ ਮੰਗ ਕੀਤੀ ਹੈ ਚੋਰਾਂ ਨੂੰ ਜਲਦੀ ਤੋਂ ਜਲਦੀ ਗ੍ਰਿਫ਼ਤਾਰ ਕੀਤਾ ਜਾਵੇ ਤਾਂ ਜੋ ਭਵਿੱਖ ਵਿਚ ਹੋਰਨਾਂ ਲੋਕਾਂ ਦਾ ਅਜਿਹਾ ਨੁਕਸਾਨ ਨਾ ਹੋ ਸਕੇ।

40 ਸਾਲ ਪਹਿਲਾਂ ਦਿੱਤੇ ਸੀ ਘੱਟ ਨੰਬਰ, ਕੈਨੇਡਾ ਤੋਂ ਪਰਤੇ ਐੱਨ. ਆਰ. ਆਈ. ਨੇ ਚਾੜ੍ਹ ਦਿੱਤਾ ਚੰਨ

ਲੁਧਿਆਣਾ 1 ਫਰਵਰੀ। ਮਾਡਲ ਟਾਊਨ ਵਿਚ 86 ਸਾਲਾ ਬਜੁਰਗ ਦੀ ਐੱਨ. ਆਰ. ਆਈ. ਗੁਆਂਢੀ ਨੇ ਬੁਰੀ ਤਰ੍ਹਾਂ ਕੁੱਟਮਾਰ ਕਰ ਦਿੱਤੀ। ਕੁੱਟਮਾਰ ਵਿਚ ਉਸ ਦੀ ਪੱਗੜੀ ਵੀ ਉੱਤਰ ਗਈ। ਪੀੜਤ ਮੁਤਾਬਕ ਕੈਨੇਡਾ ਤੋਂ ਪਰਤਣ ਤੋਂ ਬਾਅਦ ਉਹ ਉਨ੍ਹਾਂ ਨਾਲ ਅਕਸਰ ਸਿਰਫ ਇਸ ਲਈ ਝਗੜਦਾ ਸੀ ਕਿਉਂਕਿ ਉਨ੍ਹਾਂ ਨੇ ਉਸ ਨੂੰ ਪੜ੍ਹਾਇਆ ਹੈ ਅਤੇ 40 ਸਾਲ ਪਹਿਲਾਂ ਘੱਟ ਨੰਬਰ ਦਿੱਤੇ ਸਨ। ਘਟਨਾ ਬਾਰੇ ਜਦੋਂ ਬਜੁਰਗ ਦੇ ਪਰਿਵਾਰ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਮਾਮਲੇ ਵਿਚ ਸੀ. ਸੀ. ਟੀ. ਵੀ. ਫੁਟੇਜ ਦੀ ਜਾਂਚ ਕਰਨ ਤੋਂ ਬਾਅਦ ਪੁਲਸ ਨੇ ਪੀੜਤ ਜੋਗਿੰਦਰ ਸਿੰਘ ਬਿੰਦਰਾ ਦੇ ਬਿਆਨ ’ਤੇ ਮੁਲਜਮ ਕੁਲਬੀਰ ਸਿੰਘ ਖਿ?ਲਾਫ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

ਹਮਲਾ ਕਰਨ ਵਾਲਾ ਗੁਆਂਢੀ ਕੁਲਬੀਰ 40 ਸਾਲ ਪਹਿਲਾਂ ਕਾਲਜ ਵਿਚ ਉਸ ਕੋਲ ਪੜ੍ਹਦਾ ਸੀ। ਉਸ ਦੇ ਨੰਬਰ ਘੱਟ ਆਏ ਸਨ। ਉਦੋਂ ਤੋਂ ਮੁਲਜਮ ਉਨ੍ਹਾਂ ਨਾਲ ਰੰਜਿਸ਼ ਰੱਖਦਾ ਹੈ। ਇਸ ਦੌਰਾਨ ਮੁਲਜਮ ਕੈਨੇਡਾ ਚਲਾ ਗਿਆ ਸੀ ਅਤੇ ਕੁਝ ਮਹੀਨੇ ਪਹਿਲਾਂ ਹੀ ਉਥੋਂ ਪਰਤਿਆ ਸੀ। 25 ਜਨਵਰੀ ਨੂੰ ਮੁਲਜਮ ਉਨ੍ਹਾਂ ਦੇ ਘਰ ਅੱਗੇ ਜਾਣ-ਬੁੱਝ ਕੇ ਕੂੜਾ ਸੁੱਟਣ ਲੱਗਾ। ਉਨ੍ਹਾਂ ਨੇ ਕੂੜਾ ਸੁੱਟਣ ਤੋਂ ਰੋਕਿਆ ਤਾਂ ਮੁਲਜਮ ਨੇ ਉਨ੍ਹਾਂ ਨੂੰ ਪਿੱਛੋਂ ਧੱਕਾ ਮਾਰਿਆ, ਜਿਸ ਕਾਰਣ ਉਹ ਜਮੀਨ ’ਤੇ ਡਿੱਗ ਗਿਆ ਅਤੇ ਹੱਥ ’ਤੇ ਸੱਟ ਲੱਗੀ। ਇਸ ਤੋਂ ਬਾਅਦ ਉਹ ਰਾਡ ਕੱਢ ਲਿਆਇਆ ਅਤੇ ਉਨ੍ਹਾਂ ’ਤੇ ਹਮਲਾ ਕਰ ਦਿੱਤਾ। ਫਿਲਹਾਲ ਪੁਲਸ ਵਲੋਂ ਸਾਰੇ ਮਾਮਲੇ ਦੀ ਜਾਂਚ ਕੀਤੇ ਜਾਣ ਦੀ ਗੱਲ ਆਖੀ ਜਾ ਰਹੀ ਹੈ।

ਟੈਲੀਵਿਜਨ ਖਰੀਦਣਾ ਹੋ ਸਕਦਾ ਹੈ ਮਹਿੰਗਾ, ਕੀਮਤ ‘ਚ ਹੋ ਸਕਦਾ ਹੈ 10 ਫੀਸਦੀ ਤੱਕ ਦਾ ਵਾਧਾ

ਨਵੀਂ ਦਿੱਲੀ 1 ਫਰਵਰੀ। ਜੇਕਰ ਤੁਸੀਂ ਨਵਾਂ ਟੈਲੀਵਿਜਨ ਖਰੀਦਣ ਦੀ ਯੋਜਨਾ ਬਣਾ ਰਹੇ ਹੋ ਤਾਂ ਹੁਣ ਤੁਹਾਨੂੰ ਜ?ਿਆਦਾ ਪੈਸੇ ਖਰਚ ਕਰਨੇ ਪੈ ਸਕਦੇ ਹਨ। ਟੀਵੀ ਪੈਨਲ ਬਣਾਉਣ ਵਿੱਚ ਵਰਤੇ ਜਾਂਦੇ ਓਪਨ ਸੈੱਲਾਂ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧੇ ਕਾਰਨ ਕੰਪਨੀਆਂ ਵੀ ਟੀਵੀ ਦੀਆਂ ਕੀਮਤਾਂ ਵਧਾਉਣ ਦੀ ਤਿਆਰੀ ਕਰ ਰਹੀਆਂ ਹਨ ਤਾਂ ਜੋ ਲਾਗਤ ਬੋਝ ਨੂੰ ਘੱਟ ਕੀਤਾ ਜਾ ਸਕੇ। ਮਹਾਮਾਰੀ ਦੇ ਬਾਅਦ ਤੋਂ ਖੁੱਲੀ ਵਿਕਰੀ ਦੀਆਂ ਕੀਮਤਾਂ ਵੱਧ ਰਹੀਆਂ ਹਨ ਅਤੇ ਦਸੰਬਰ ਤੋਂ ਲਗਭਗ 20 ਪ੍ਰਤੀਸਤ ਵਧੀਆਂ ਹਨ। ਇਸ ਨੂੰ ਦੇਖਦੇ ਹੋਏ ਟੀਵੀ ਪੈਨਲ ਬਣਾਉਣ ਵਾਲੀਆਂ ਕੰਪਨੀਆਂ ਫਰਵਰੀ ਦੇ ਅੰਤ ‘ਚ ਕੀਮਤਾਂ ‘ਚ 15 ਫੀਸਦੀ ਦਾ ਵਾਧਾ ਕਰਨ ਦੀ ਤਿਆਰੀ ਕਰ ਰਹੀਆਂ ਹਨ। ਕੰਪਨੀਆਂ ਉਤਪਾਦਨ ਵਿੱਚ ਕਟੌਤੀ ਕਰਨ ਬਾਰੇ ਵੀ ਸੋਚ ਰਹੀਆਂ ਹਨ, ਜਿਸ ਕਾਰਨ ਮੰਗ ਨਾਲੋਂ ਸਪਲਾਈ ਘੱਟ ਰਹਿ ਸਕਦੀ ਹੈ। ਓਪਨ ਸੈੱਲ ਟੈਲੀਵਿਜਨ ਦਾ ਇੱਕ ਪ੍ਰਮੁੱਖ ਹਿੱਸਾ ਹੈ ਅਤੇ

ਕੁੱਲ ਉਤਪਾਦਨ ਲਾਗਤ ਦਾ 60-65 ਪ੍ਰਤੀਸਤ ਬਣਦਾ ਹੈ। ਇਸ ਦਾ ਜ?ਿਆਦਾਤਰ ਉਤਪਾਦਨ 4-5 ਚੀਨੀ ਕੰਪਨੀਆਂ ਵੱਲੋਂ ਕੀਤਾ ਜਾਂਦਾ ਹੈ ਅਤੇ ਉਹ ਕੰਪਨੀਆਂ ਖੁੱਲ੍ਹੇ ਵਿਕਰੀ ਮੁੱਲ ਵੀ ਆਪਣੀ ਇੱਛਾ ਅਨੁਸਾਰ ਤੈਅ ਕਰਦੀਆਂ ਹਨ। ਪਿਛਲੇ ਸਾਲ ਅਗਸਤ ‘ਚ ਵੀ ਇਸ ਦੀ ਕੀਮਤ ‘ਚ ਕਾਫੀ ਵਾਧਾ ਹੋਇਆ ਸੀ ਪਰ ਜਦੋਂ ਉਤਪਾਦਕ ਕੰਪਨੀਆਂ ਨੇ ਕੀਮਤਾਂ ਘਟਾਈਆਂ ਤਾਂ ਇਸ ‘ਚ ਕੁਝ ਨਰਮੀ ਆਈ ਸੀ। ਇਕ ਰਿਟੇਲਰ ਨੇ ਆਪਣਾ ਨਾਂ ਗੁਪਤ ਰੱਖਣ ਦੀ ਸਰਤ ‘ਤੇ ਕਿਹਾ ਕਿ ਛੋਟੇ ਅਤੇ ਵੱਡੇ ਪਰਦੇ ਦੇ ਟੈਲੀਵਿਜਨ ਪੈਨਲਾਂ ਦੀਆਂ ਕੀਮਤਾਂ ਵਧ ਸਕਦੀਆਂ ਹਨ। ਪਰ ਸਿਰਫ ਟੀਵੀ ਕੰਪਨੀਆਂ ਹੀ ਤੈਅ ਕਰਨਗੀਆਂ ਕਿ ਕੀਮਤਾਂ ਕਿੰਨੀਆਂ ਵਧਣਗੀਆਂ। ਰਿਟੇਲਰ ਨੇ ਕਿਹਾ ਕਿ ਕੁਝ ਕੰਪਨੀਆਂ ਕੀਮਤਾਂ ਨੂੰ ਸਿੱਧੇ ਤੌਰ ‘ਤੇ ਵਧਾਉਣ ਦੀ ਬਜਾਏ ਹੌਲੀ-ਹੌਲੀ ਵਧਾ ਸਕਦੀਆਂ ਹਨ ਕਿਉਂਕਿ ਬਹੁਤ ਸਾਰਾ ਸਟਾਕ ਪਹਿਲਾਂ ਹੀ ਬਿਨਾਂ ਵਿਕਿਆ ਪਿਆ ਹੈ।

ਲਾਂਬੜਾ ਪੁਲਸ ਵੱਲੋਂ ਲੁੱਟਾਂ-ਖੋਹਾਂ ਤੇ ਚੋਰੀਆਂ ਕਰਨ ਵਾਲੇ 5 ਮੁਲਜਮ ਗ੍ਰਿਫ਼ਤਾਰ

ਲਾਂਬੜਾ 1 ਫਰਵਰੀ। ਲਾਂਬੜਾ ਪੁਲਸ ਨੇ ਦੋ ਵੱਖ-ਵੱਖ ਕੇਸਾਂ ’ਚ ਲੁੱਟਾਂ-ਖੋਹਾਂ ਤੇ ਚੋਰੀਆਂ ਕਰਨ ਵਾਲੇ 5 ਮੁਲਜਮਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਤੋਂ ਚੋਰੀਸ਼ੁਦਾ ਸਾਮਾਨ ਬਰਾਮਦ ਕੀਤਾ ਹੈ। ਇਸ ਸਬੰਧੀ ਥਾਣਾ ਮੁਖੀ ਲਾਂਬੜਾ ਇੰਸ. ਜਤਿੰਦਰ ਕੁਮਾਰ ਨੇ ਦੱਸਿਆਂ ਕਿ ਏ. ਐੱਸ. ਆਈ. ਸੁਭਾਸ ਕੁਮਾਰ ਪੁਲਸ ਪਾਰਟੀ ਨਾਲ ਗਸਤ ’ਤੇ ਪਿੰਡ ਸਫੀਪੁਰ ਤੋਂ ਪਿੰਡ ਗਿੱਲਾਂ ਸਾਈਡ ਨੂੰ ਜਾ ਰਹੇ ਸਨ, ਜਿੱਥੇ ਗੁਲਾਮ ਮਾਹਦੀਨ ਬਾਜੜ ਹਾਲ ਵਾਸੀ ਚੌਗਿੱਟੀ ਬਾਈਪਾਸ ਜਲੰਧਰ ਨੇ ਇਤਲਾਹ ਦਿੱਤੀ ਕਿ ਉਹ ਫੇਰੀ ਲਾ ਕੇ ਕੱਪੜਾ ਵੇਚਣ ਦਾ ਕੰਮ ਕਰਦਾ ਹੈ। ਸਵੇਰ ਕਰੀਬ 11 ਵਜੇ 3 ਨੌਜਵਾਨ ਪਲਟੀਨਾ ਮੋਟਰਸਾਈਕਲ ’ਤੇ ਆਏ, ਜਿਨ੍ਹਾਂ ਨੇ ਉਸ ਨੂੰ ਘੇਰ ਲਿਆ ਤੇ ਡਰਾ-ਧਮਕਾ ਕੇ ਉਸ ਦੀ ਜੇਬ ’ਚੋਂ 2600 ਰੁਪਏ ਖੋਹ ਲਏ ਤੇ ਮੋਟਰਸਾਈਕਲ ਰਾਹੀਂ ਭੱਜਣ ਲੱਗੇ ਤਾਂ ਮੌਕੇ ’ਤੇ ਇਕ ਵਿਅਕਤੀ ਨੇ ਲੁਟੇਰਿਆਂ ਨੂੰ ਰੋਕਣ ਦੀ ਕੋਸ਼?ਿਸ਼ ਕੀਤੀ, ਜਿਸ ਕਾਰਨ ਮੋਟਰਸਾਈਕਲ ਸਵਾਰ ਲੁਟੇਰੇ ਡਿੱਗ ਪਏ। ਇਸ ਦੌਰਾਨ ਏ. ਐੱਸ. ਆਈ. ਸੁਭਾਸ ਕੁਮਾਰ ਨੇ ਉਨ੍ਹਾਂ ਲੁਟੇਰਿਆਂ ਨੂੰ ਕਾਬੂ ਕਰ ਲਿਆ। ਤਿੰਨਾਂ ਮੁਲਜਮਾਂ ਨੇ ਆਪਣੀ ਪਛਾਣ ਤਰਨਵੀਰ ਸਿੰਘ ਪੁੱਤਰ ਸਰਬਜੀਤ ਸਿੰਘ ਤੇ ਗੋਵਿੰਦਾ ਪੁੱਤਰ ਬਲਦੇਵ ਸਿੰਘ ਦੋਵੇਂ ਵਾਸੀ ਪਿੰਡ ਅਠੌਲਾ ਜਲੰਧਰ, ਨਵਜੀਵਨ ਪੁੱਤਰ ਅਵਤਾਰ ਸਿੰਘ ਵਾਸੀ ਢੁਪਾਈ ਥਾਣਾ ਸਦਰ ਕਪੂਰਥਲਾ ਦੱਸੀ। ਪੁਲਸ ਨੇ ਕੇਸ ਦਰਜ ਕਰ ਕੇ ਇਨ੍ਹਾਂ ਤੋਂ 2 ਮੋਟਰਸਾਈਕਲ ਬਿਨਾਂ ਨੰਬਰੀ ਮਾਰਕਾ ਸਪਲੈਂਡਰ, ਇਕ ਮੋਟਰਸਾਈਕਲ ਪਲਟੀਨਾ ਨੰ. ਪੀ. ਬੀ. 08 ਡੀ. ਐੱਮ. 3884, 2 ਦਾਤਰ, 1 ਕਿਰਚ, 500 ਨਕਦੀ ਤੇ 5 ਮੋਬਾਇਲ ਫੋਨ ਬਰਾਮਦ ਕੀਤੇ ਹਨ। ਇਸੇ ਤਰ੍ਹਾਂ ਥਾਣਾ ਮੁਖੀ ਇੰਸ. ਜਤਿੰਦਰ ਕੁਮਾਰ ਨੇ ਦੱਸਿਆ ਕਿ ਏ. ਐੱਸ. ਆਈ. ਨਰਿੰਦਰ ਸਿੰਘ ਪੁਲਸ ਪਾਰਟੀ ਨਾਲ ਬਾਜੜਾ ਮੋੜ ਜਲੰਧਰ ਨਕੋਦਰ ਰੋਡ ’ਤੇ ਮੌਜੂਦ ਸਨ। ਇਸ ਦੌਰਾਨ ਪੁਲਸ ਨੂੰ ਇਤਲਾਹ ਮਿਲੀ ਕਿ ਜਸਪ੍ਰੀਤ ਪੁੱਤਰ ਰਾਜਕੁਮਾਰ ਵਾਸੀ ਟਾਵਰ ਐਨਕਲੇਵ ਫੇਜ 1 ਨੇੜੇ ਵਡਾਲਾ ਚੌਕ, ਜੋ ਚੋਰੀਆਂ ਕਰਨ ਦਾ ਆਦੀ ਹੈ। ਅੱਜ ਉਸ ਨੇ ਟਾਵਰ ਐਨਕਲੇਵ ਫੇਜ 1 ਤੋਂ ਇਕ ਮੋਟਰਸਾਈਕਲ ਨੰ. ਪੀ.ਬੀ. 09 ਵੀ 7539 ਮਾਰਕਾ ਪਲਸਰ ਚੋਰੀ ਕੀਤਾ ਹੈ, ਜੇਕਰ ਨਾਕਾਬੰਦੀ ਕੀਤੀ ਜਾਵੇ ਤਾਂ ਉਸ ਨੂੰ ਕਾਬੂ ਕੀਤਾ ਜਾ ਸਕਦਾ ਹੈ। ਇਸ ’ਤੇ ਪੁਲਸ ਨੇ ਵਾਹਨਾਂ ਦੀ ਚੈਕਿੰਗ ਸ਼ੁਰੂ ਕੀਤੀ ਤਾਂ ਕੁਝ ਸਮੇਂ ’ਚ ਹੀ ਜਲੰਧਰ ਵੱਲੋਂ ਇਕ ਨੌਜਵਾਨ ਮੋਟਰਸਾਈਕਲ ਪਲਸਰ ’ਤੇ ਆਉਂਦਾ ਦਿਖਾਈ ਦਿੱਤਾ, ਜੋ ਅੱਗੇ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਤੇ ਮੋਟਰਸਾਈਕਲ ਪਿੱਛੇ ਮੋੜਨ ਲੱਗਾ ਤਾਂ ਉਹ ਡਿੱਗ ਪਿਆ। ਉਸ ਨੂੰ ਪੁਲਸ ਪਾਰਟੀ ਨੇ ਕਾਬੂ ਕਰ ਲਿਆ। ਮੁਲਜਮ ਜਸਪ੍ਰੀਤ ਮੋਟਰਸਾਈਕਲ ਦੇ ਕੋਈ ਕਾਗਜਾਤ ਪੇਸ਼ ਨਾ ਕਰ ਸਕਿਆ। ਮੁਲਜਮ ਨੇ ਪੁਲਸ ਕੋਲ ਮੰਨਿਆ ਕਿ ਉਸ ਨੇ ਇਹ ਮੋਟਰਸਾਈਕਲ ਟਾਵਰ ਐਨਕਲੇਵ ਫੇਜ 1 ਤੋਂ ਚੋਰੀ ਕੀਤਾ ਸੀ। ਪੁਲਸ ਨੇ ਕੇਸ ਦਰਜ ਕਰਕੇ ਹੋਰ ਪੁੱਛਗਿੱਛ ਕੀਤੀ, ਜਿਸ ਉਪਰੰਤ ਮੋਟਰਸਾਈਕਲ ਸਪਲੈਂਡਰ ਨੰਬਰ ਪੀ. ਬੀ. 07 ਟੀ-5615 ਤੇ ਇਕ ਪਲਸਰ ਬਿਨਾਂ ਨੰ

ਸਰਕਾਰੀ ਨਸਾ ਛੁਡਾਊ ਕੇਂਦਰ ਦੇ ਬਾਹਰ ਬੁਫਰੋਨੋਰਫਿਨ ਦਵਾਈ ਦੀ 'ਕਾਲਾਬਜਾਰੀ'

ਅੰਮ੍ਰਿਤਸਰ 1 ਫਰਵਰੀ। ਸਰਕਾਰੀ ਨਸਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ ਦੇ ਬਾਹਰ ਨਸਾ ਛੁਡਾਉਣ ਵਾਲੀ ਬੁਫਰੋਨੋਰਫਿਨ ਗੋਲੀਆਂ ਦੀ ਕਾਲਾ ਬਾਜਾਰੀ ਹੋ ਰਹੀ ਹੈ। ਕੇਂਦਰ ਵਿਚ ਨਸਾ ਛੱਡਣ ਦੀ ਦਵਾਈ ਲੈਣ ਆਉਣ ਵਾਲੇ ਕੁਝ ਨੌਜਵਾਨ ਅੰਦਰੋਂ ਗੋਲੀਆਂ ਲੈ ਕੇ ਧੜੱਲੇ ਨਾਲ ਸੜਕਾਂ 'ਤੇ ਬਲੈਕ ਵਿਚ ਵੇਚ ਰਹੇ ਹਨ। ਕੇਂਦਰ ਦੇ ਅੰਦਰੋਂ ਮੁਫਤ ਮਿਲਣ ਵਾਲੀਆਂ ਗੋਲੀਆਂ 70 ਪ੍ਰਤੀ ਗੋਲੀ ਅਤੇ ਦੋ ਗੋਲੀਆਂ 100 ਰੁਪਏ ਵੇਚ ਕੇ ਜ਼ਿਲ੍ਹਾ ਪ੍ਰਸਾਸਨ ਦੀ ਕਾਰਗੁਜਾਰੀ 'ਤੇ ਸਵਾਲੀਆ ਨਿਸਾਨ ਖੜ੍ਹੇ ਕਰ ਰਹੇ ਹਨ। ਕੇਂਦਰ ਦੇ ਨਜਦੀਕ ਇਹ ਗੋਰਖ ਧੰਦਾ ਅੱਜ ਦਾ ਨਹੀਂ, ਸਗੋਂ ਪਿਛਲੇ ਕਈ ਮਹੀਨਿਆਂ ਤੋਂ ਜਾਰੀ ਹੈ। ਬਲੈਕ ਵਿਚ ਗੋਲੀਆਂ ਲੈ ਕੇ ਨਸੇੜੀ ਟੀਕਾ ਲਗਾ ਕੇ ਜਾਂ ਹੋਰ ਤਰੀਕਿਆਂ ਨਾਲ ਇਸ ਦਾ ਸੇਵਨ ਕਰ ਰਹੇ ਹਨ। ਕੇਂਦਰ ਦੇ ਬਾਹਰ ਬੁਫਰੋਨੋਰਫਿਨ ਦੀਆਂ ਸਾਬਤ ਗੋਲੀਆਂ ਬਲੈਕ ਕਰਨ ਵਾਲੇ ਨੌਜਵਾਨਾਂ ਕੋਲੋਂ ਪਹੁੰਚਣੀਆਂ ਸਿਹਤ ਵਿਭਾਗ ਦੀ ਕਾਰਗੁਜਾਰੀ ਨੂੰ ਵੀ ਸੱਕ ਦੇ ਘੇਰੇ ਵਿਚ ਲਿਆ ਰਹੀਆਂ ਹਨ। ਜਗ ਬਾਣੀ ਵੱਲੋਂ ਕੀਤੇ ਗਏ ਸਟਿੰਗ ਆਪ੍ਰੇਸ਼ਨ ਵਿਚ ਅਧਿਕਾਰੀਆਂ ਵੱਲੋਂ ਨਸੇ ਦੇ ਖਾਤਮੇ ਸਬੰਧੀ ਕੀਤੇ ਜਾ ਰਹੇ ਦਾਅਵਿਆਂ ਦੀ ਪੋਲ ਖੁੱਲ੍ਹਦੀ ਦਿਖਾਈ ਦੇ ਰਹੀ ਹੈ। ਜਾਣਕਾਰੀ ਅਨੁਸਾਰ ਸਿਹਤ ਵਿਭਾਗ ਵੱਲੋਂ ਨਸਾ ਛੁਡਾਉਣ ਲਈ ਸਰਕਾਰੀ ਮੈਡੀਕਲ ਕਾਲਜ ਫਤਿਹਗੜ੍ਹ ਚੂੜੀਆਂ ਰੋਡ ਦੇ ਨਜਦੀਕ ਨਸਾ ਛੁਡਾਊ ਅਤੇ ਮੁੜ ਵਸੇਬਾ ਕੇਂਦਰ ਖੋਲ੍ਹਿਆ ਗਿਆ ਹੈ। ਵਿਭਾਗ ਵੱਲੋਂ ਇਸ ਕੇਂਦਰ ਵਿਚ ਨਸੇ ਦੇ ਆਦੀ ਨੌਜਵਾਨਾਂ ਨੂੰ ਮੁੜ ਨਸੇ ਦੀ ਗ੍ਰਿਫਤ 'ਚੋਂ ਬਾਹਰ ਲਿਆਉਣ ਲਈ 'ਓਟ ਸੈਂਟਰ' ਬਣਾਇਆ ਗਿਆ ਹੈ। ਇਸ ਸੈਂਟਰ ਵਿਚ 300 ਦੇ ਕਰੀਬ ਮਰੀਜ ਨਸੇ ਦੀ ਦਲ ਦਲ ਵਿੱਚੋਂ ਬਾਹਰ ਆਉਣ ਲਈ ਰੋਜਾਨਾ ਮਿਲਣ ਵਾਲੀ ਦਵਾਈ ਦਾ ਸੇਵਨ ਕਰਨ ਲਈ ਆਉਂਦੇ ਹਨ। 1000 ਦੇ ਕਰੀਬ ਬੁਫਰੋਨੋਰਫਿਨ ਦੀਆਂ ਗੋਲੀਆਂ ਵਿਚ ਰੋਜਾਨਾ ਮਰੀਜਾਂ ਵਿਚ ਵੱਡੀਆਂ ਜਾਂਦੀਆਂ ਹਨ। ਕੇਂਦਰ ਵਿਚ ਨਿਯਮ ਤਹਿਤ ਆਉਣ ਵਾਲੇ ਮਰੀਜਾਂ ਨੂੰ ਪੀਸ ਕੇ ਸਟਾਫ ਆਪਣੇ ਸਾਹਮਣੇ ਬੁਫਰੋਨੋਰਫਿਨ ਦਵਾਈ ਦਾ ਸੇਵਨ ਕਰਵਾਉਂਦੇ ਹਨ ਪਰ ਕੁਝ ਨੌਜਵਾਨ ਬੁਫਰੋਨੋਰਫਿਨ ਗੋਲੀਆਂ ਪੀਸ ਕੇ ਸਟਾਫ ਦੇ ਸਾਹਮਣੇ ਖਾਣ ਦਾ ਡਰਾਮਾ ਕਰਦੇ ਹਨ ਅਤੇ ਹੱਥ ਵਿਚ ਦੋ ਪਰਚੀਆਂ ਲੈ ਕੇ ਜਾਂਦੇ ਹਨ। ਇਕ ਪਰਚੀ ਵਿਚ ਦਵਾਈ ਪਵਾ ਕੇ ਉਸ ਨੂੰ ਉਂਗਲਾਂ ਵਿਚ ਰੱਖ ਲੈਂਦੇ ਹਨ ਜਦਕਿ ਦੂਸਰੀ ਖਾਲੀ ਪਰਚੀ ਦਵਾਈ ਦਾ ਸੇਵਨ ਕਰਨ ਦਾ ਝੂਠ ਰਜ ਕੇ ਬਾਅਦ ਵਿਚ ਉਸ ਨੂੰ ਸਟਾਫ ਦੇ ਸਾਹਮਣੇ ਡਸਟਬਿਨ ਵਿਚ ਸੁੱਟ ਦਿੰਦੇ ਹਨ। ਇਸ ਤਰ੍ਹਾਂ ਹੱਥ ਵਿਚ ਆਈ ਪੀਸੀ ਹੋਈ ਦਵਾਈ ਬਾਹਰ ਲਿਆ ਕੇ ਉਸ ਨੂੰ ਬਲੈਕ ਵਿਚ ਵੇਚਦੇ ਹਨ। ਇਸੇ ਤਰ੍ਹਾਂ ਕੁਝ ਨੌਜਵਾਨ ਸਾਬਤ ਗੋਲੀਆਂ ਵੀ ਲੈ ਕੇ ਕਾਲਾ ਬਾਜਾਰੀ ਕਰ ਰਹੇ ਹਨ । ਜਗ ਬਾਣੀ ਨੂੰ ਪਿਛਲੇ ਕਈ ਸਮੇਂ ਤੋਂ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਕੇਂਦਰ ਦੇ ਬਾਅਦ ਸਰਕਾਰੀ ਮਿਲਣ ਵਾਲੀ ਬੁਫਰੋਨੋਰਫਿਨ ਦਵਾਈ ਦੀ ਕਾਲਾ ਬਾਜਾਰੀ ਹੋਰ ਰਹੀ ਹੈ। 'ਜਗ ਬਾਣੀ' ਵੱਲੋਂ ਜਦੋਂ ਇਸ ਸਬੰਧੀ ਸਟਿੰਗ ਆਪ੍ਰੇਸ਼ਨ ਕੀਤਾ ਗਿਆ ਤਾਂ ਪਹਿਲੇ ਦਿਨ ਇੱਕ ਨੌਜਵਾਨ ਜੋ ਖੁਦ ਨਸੇ ਵਿਚ ਦਿਖਾਈ ਦੇ ਰਿਹਾ ਸੀ। ਉਹ ਨਸਾ ਛੁਡਾਉਣ ਵਾਲੀ ਉਕਤ ਦਵਾਈ ਬਾਹਰ ਪੱਤਿਆਂ ਵਿਚ ਵੇਚਦਾ ਦਿਖਾਈ ਦਿੱਤਾ। ਜਦੋਂ ਨੌਜਵਾਨ ਨੂੰ ਪੁੱਛਿਆ ਗਿਆ ਕਿ ਇਹ ਗੋਲੀਆਂ ਅਸਲੀ ਹਨ ਤਾਂ ਉਸਨੇ ਕਿਹਾ ਕਿ

ਅਸਲੀ ਹਨ। ਅੰਦਰੋਂ ਲੈ ਕੇ ਆਇਆਂ ਹਾਂ ਅਤੇ ਅਸਰ ਵੀ ਪੂਰਾ ਕਰਦੀਆਂ ਹਨ ਜਾ ਕੇ ਜਿੱਥੇ ਮਰਜੀ ਜਾਂਚ ਕਰਵਾ ਲਓ। ਨੌਜਵਾਨ ਨੇ ਦੱਸਿਆ ਕਿ ਉਹ ਵੀ ਅੰਦਰੋਂ ਨਸਾ ਛੁਡਾਉਣ ਦੀ ਦਵਾਈ ਖਾਂਦਾ ਹੈ ਪਰ ਦਵਾਈ ਜ਼ਿਆਦਾ ਆ ਗਈ ਹੈ। ਇਸ ਲਈ ਉਹ ਬਾਹਰ ਵੇਚ ਰਿਹਾ ਹੈ। ਨੌਜਵਾਨ ਨੇ ਪ੍ਰਤੀ ਗੋਲੀ 70 ਰੁਪਏ ਅਤੇ ਦੋ ਗੋਲੀਆਂ ਦਾ ਮੁੱਲ 100 ਰੁਪਏ ਦੱਸਿਆ । ਨੌਜਵਾਨ ਬਾਅਦ ਵਿਚ ਕਹਿਣ ਲੱਗਾ ਕਿ ਜਿੰਨੀ ਮਰਜੀ ਦਵਾਈ ਲਓ। ਉਹ ਰੋਜਾਨਾ ਉਥੇ ਹੀ ਖੜ੍ਹਾ ਹੁੰਦਾ ਹੈ। ਉਸ ਨੇ ਕਿਹਾ ਕਿ ਉਹ ਸਾਬਤ ਗੋਲੀਆਂ ਵੇਚਦਾ ਹੈ ਜਦ ਕਿ ਦੂਸਰਾ ਮੁੰਡਾ ਜੋ ਕੇਂਦਰ ਦੇ ਨਜਦੀਕ ਖੜ੍ਹਾ ਸੀ, ਉਹ ਪੀਸੀ ਦਵਾਈ ਵੇਚਦਾ ਸੀ। ਕੁਝ ਦਿਨ ਬਾਅਦ ਜਦੋਂ ਦੁਬਾਰਾ ਕੇਂਦਰ ਦੇ ਨਜਦੀਕ ਖੜ੍ਹੇ ਦੂਸਰੇ ਨੌਜਵਾਨ ਕੋਲ ਜਾ ਕੇ ਦਵਾਈ ਦੀ ਮੰਗ ਕੀਤੀ ਗਈ ਤਾਂ ਪੀਸੀ ਹੋਈ ਦਵਾਈ ਜੋ ਅੰਦਰੋ ਮਿਲਦੀ ਹੈ, ਉਹ ਪੁੜੀ ਵਿਚ ਖੋਲ੍ਹ ਕੇ ਦਿਖਾਈ ਅਤੇ ਕਿਹਾ ਕਿ ਇਹ ਦਵਾਈ ਬਿਲਕੁੱਲ ਸ਼ੁੱਧ ਹੈ। ਜੋ ਅੰਦਰੋਂ ਹੁਣੇ ਲਿਆਂਦੀ ਹੈ ਪਰ ਇਹ ਦੋ ਗੋਲੀਆਂ ਦਾ ਮੁੱਲ 170 ਲੱਗਣਾ ਹੈ। ਉਸ ਨੇ ਕਿਹਾ ਕਿ ਇਹ ਦਵਾਈ ਪਿਓਰ ਹੈ ਚਾਹੇ ਜਾ ਕੇ ਕੇਂਦਰ ਵਿੱਚੋਂ ਚੈੱਕ ਕਰਵਾ ਲਓ। ਸਮਾਜ ਸੇਵਕ ਬਿਕਰਮ ਸਿੰਘ ਗਿੱਲ ਅਤੇ ਸੰਦੀਪ ਕੁਮਾਰ ਮਜੀਠੀਆ ਨੇ ਦੱਸਿਆ ਕਿ ਸਰਕਾਰ ਵੱਲੋਂ ਨਸਾ ਛੁਡਾਉਣ ਲਈ ਸਰਕਾਰੀ ਓਟ ਸੈਂਟਰ ਖੋਲ੍ਹੇ ਗਏ ਹਨ ਪਰ ਸਰਕਾਰੀ ਮੈਡੀਕਲ ਕਾਲਜ ਨਜਦੀਕ ਸਥਿਤ ਕੁਝ ਨੌਜਵਾਨ ਬਲੈਕ ਵਿਚ ਸਰਕਾਰੀ ਦਵਾਈ ਨੂੰ ਵੇਚ ਰਹੇ ਹਨ। ਉਨ੍ਹਾਂ ਵੱਲੋਂ ਕੁਝ ਦਿਨ ਪਹਿਲਾਂ ਅਜਿਹੇ ਨੌਜਵਾਨਾਂ ਦੀ ਵੀਡੀਓ ਬਣਾਈ ਗਈ ਸੀ ਅਤੇ ਅਧਿਕਾਰੀਆਂ ਨੂੰ ਸ਼ਿਕਾਇਤ ਵੀ ਕੀਤੀ ਗਈ ਸੀ ਪਰ ਅਫਸੋਸ ਦੀ ਗੱਲ ਹੈ ਕਿ ਅਧਿਕਾਰੀਆਂ ਵੱਲੋਂ ਇਸ ਬਾਬਤ ਕੋਈ ਕਾਰਵਾਈ ਨਹੀਂ ਕੀਤੀ ਗਈ, ਜਿਸ ਕਾਰਨ ਇਹ ਗੋਰਖ ਧੰਦਾ ਹੌਲੀ ਹੌਲੀ ਵਾਧਾ ਹੋਇਆ ਸਿਖਰਾਂ 'ਤੇ ਪਹੁੰਚ ਗਿਆ ਹੈ। ਪੰਜਾਬ ਸਰਕਾਰ ਨਸੇ ਦੀ ਖਾਤਮੇ ਦੀ ਗੱਲ ਕਰਦੀ ਹੈ ਪਰ ਜੇਕਰ ਅਜਿਹੇ ਹਾਲਾਤ ਰਹੇ ਤਾਂ ਅਧਿਕਾਰੀਆਂ ਦੀ ਲਾਪ੍ਰਵਾਹੀ ਕਾਰਨ ਨਸੇ ਦਾ ਛੇਵਾਂ ਦਰਿਆ ਹੋਰ ਵੱਧ ਜਾਵੇਗਾ। ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਅਧਿਕਾਰੀਆਂ ਅਤੇ ਬਾਹਰ ਕਾਲਾ ਬਾਜਾਰੀ ਕਰ ਰਹੇ ਨਸੇ ਦੇ ਸੌਦਾਗਰਾਂ ਦੇ ਖ਼ਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਨਸਾ ਵਿਰੋਧੀ ਲਹਿਰ ਦੇ ਮੁਖ ਸੰਸਥਾਪਕ ਅਤੇ ਉੱਘੇ ਸਮਾਜ ਸੇਵਕ ਪੂਰਨ ਸਿੰਘ ਸੰਧੂ ਰਣੀਕੇ ਨੇ ਦੱਸਿਆ ਕਿ ਜ਼ਿਲ੍ਹੇ ਵਿਚ 20 ਹਜਾਰ ਦੇ ਕਰੀਬ ਨਸਾ ਛੱਡਣ ਵਾਲੇ ਨੌਜਵਾਨ ਸਿਹਤ ਵਿਭਾਗ ਵੱਲੋਂ ਰਜਿਸਟਰ ਕੀਤੇ ਗਏ ਹਨ। ਇਹ ਨੌਜਵਾਨ ਉਹ ਹਨ ਜੋ ਓਟ ਸੈਂਟਰਾਂ ਵਿਚ ਦਵਾਈ ਦਾ ਸਹਾਰਾ ਲੈ ਕੇ ਨਸਾ ਛੱਡਣਾ ਚਾਹੁੰਦੇ ਹਨ ਪਰ ਇਨਾ ਵੱਡਾ ਅੰਕੜਾ ਪ੍ਰਸਾਸਨ ਦੀ ਕਾਰਗੁਜਾਰੀ 'ਤੇ ਪ੍ਰਸਨ ਖੜ੍ਹੇ ਕਰਦਾ ਹੈ। ਇਕ ਪਾਸੇ ਨਸੇ ਦੀ ਰੋਕਥਾਮ ਲਈ ਪੁਲਸ ਪ੍ਰਸਾਸਨ ਪੱਬਾਂ ਭਾਰ ਹੈ, ਦੂਸਰੇ ਪਾਸੇ ਨੌਜਵਾਨਾਂ ਦੀ ਗਿਣਤੀ ਚਾਹੇ ਉਹ ਨਸਾ ਛੱਡਣ ਵਾਲੇ ਹੋਣ ਵਧਣਾ ਖਤਰੇ ਦੀ ਘੰਟੀ ਹੈ। ਨਸਾ ਛਡਾਊ ਅਤੇ ਮੁੜ ਵਸੇਬਾ ਕੇਂਦਰ ਦੇ ਬਾਹਰ ਬਲੈਕ ਵਿਚ ਬੁਫਰੋਨੋਰਫਿਨ ਦੀਆਂ ਗੋਲੀਆਂ ਵੇਚਣ ਸਬੰਧੀ ਜਦੋਂ ਡਿਪਟੀ ਮੈਡੀਕਲ ਕਮਿਸਨਰ ਡਾਕਟਰ ਗੁਰਮੀਤ ਕੌਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਬਲੈਕ ਵਿਚ ਸਰਕਾਰੀ ਦਵਾਈ ਦੀ ਵਰਤੋਂ ਕਰਨ ਵਾਲਿਆਂ ਖ਼ਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਕੇਂਦਰ ਦੇ ਅੰਦਰ ਮੁਸਤੈਦੀ ਨਾਲ ਸਟਾਫ ਆਪਣੇ ਸਾਹਮਣੇ ਦਵਾਈ ਦਾ ਸੇਵਨ ਮਰੀਜਾਂ ਨੂੰ ਕਰਵਾਉਂਦਾ ਹੈ। ਜੇਕਰ ਕੋਈ ਗਲਤ ਢੰਗ ਨਾਲ ਦਵਾਈ ਅੰਦਰੋਂ ਲਿਜਾ ਕੇ ਬਾਹਰ ਵੇਚ ਰਿਹਾ ਹੈ ਤਾਂ ਉਹ ਨਿਯਮਾਂ ਦੇ ਉਲਟ ਹੈ। ਉਨ੍ਹਾਂ ਕਿਹਾ ਕਿ ਪੁਲਸ ਪ੍ਰਸਾਸਨ ਦੀ ਮਦਦ ਨਾਲ ਕੇਂਦਰ ਦੇ ਆਲੇ ਦੁਆਲੇ ਸਰਕਾਰੀ ਦਵਾਈ ਦੀ ਕਾਲਾ ਬਾਜਾਰੀ ਕਰਨ ਵਾਲਿਆਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

ਬਜੁਰਗ ਨੂੰ ਝਾਂਸੇ 'ਚ ਲੈ ਕੇ ਔਰਤ ਨੇ ਪਹਿਲਾਂ ਖਿੱਚੀ ਅਸਲੀਲ ਫੋਟੋ, ਬਾਅਦ 'ਚ ਠੱਗੇ 5.86 ਲੱਖ ਰੁਪਏ

ਬਟਾਲਾ 1 ਫਰਵਰੀ। ਬਟਾਲਾ ਦੇ ਇਕ ਬਜੁਰਗ ਨੂੰ ਵਟਸਐੱਪ ਰਾਹੀਂ ਝਾਂਸੇ 'ਚ ਲੈ ਕੇ ਅਸਲੀਲ ਫੋਟੋ ਖਿੱਚ ਕੇ ਬਜੁਰਗ ਤੋਂ 5 ਲੱਖ 86 ਹਜਾਰ ਰੁਪਏ ਠੱਗਣ ਦੇ ਮਾਮਲੇ 'ਚ ਥਾਣਾ ਸਿਵਲ ਲਾਈਨ ਦੀ ਪੁਲਸ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਐੱਸ. ਐੱਸ. ਪੀ. ਬਟਾਲਾ ਨੂੰ ਬੀਤੇ ਦਿਨੀਂ ਦਰਖਾਸਤ ਦੇ ਕੇ ਬਟਾਲਾ ਵਾਸੀ ਬਜੁਰਗ ਨੇ ਦੋਸੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਕਿ ਵਟਸਐਪ ਨੰਬਰ ਰਾਹੀਂ ਉਸ ਨੂੰ ਅਸਲੀਲ ਹਰਕਤਾਂ 'ਚ ਉਲਝਾ ਕੇ ਲੱਖਾਂ ਰੁਪਏ ਦੀ ਠੱਗੀ ਮਾਰੀ ਗਈ ਹੈ। ਪੁਲਸ ਨੂੰ ਲਿਖਾਈ ਸ਼ਿਕਾਇਤ 'ਚ ਬਜੁਰਗ ਨੇ

ਦੱਸਿਆ ਕਿ ਕੁਝ ਮਹੀਨੇ ਪਹਿਲਾਂ ਉਸਦੇ ਨੰਬਰ 'ਤੇ ਵਟਸਐਪ ਕਾਲ ਰਾਹੀਂ ਇਕ ਔਰਤ ਨੇ ਅਸਲੀਲ ਹਰਕਤਾਂ ਕਰਦਿਆਂ ਉਸ ਨੂੰ ਆਪਣੇ ਝਾਂਸੇ 'ਚ ਲੈ ਲਿਆ ਸੀ ਅਤੇ ਉਸਦੀ ਇਕ ਨਗਨ ਤਸਵੀਰ ਦਾ ਸਕਰੀਨ ਸਾਟ ਲੈ ਕੇ ਉਸ ਨੂੰ ਸੋਸਲ ਮੀਡੀਆ 'ਤੇ ਵਾਇਰਲ ਕੀਤੇ ਜਾਣ ਬਾਰੇ ਪਤਾ ਲੱਗਾ। ਇਸ ਤੋਂ ਬਾਅਦ ਇਕ ਹੋਰ ਨੰਬਰ ਰਾਹੀਂ ਇਕ ਅਣਪਛਾਤੇ ਵਿਅਕਤੀ ਦੀ ਕਾਲ ਆਈ ਕਿ ਮੈਂ ਸੀ. ਬੀ. ਆਈ. ਡਾਇਰੈਕਟਰ ਦਿੱਲੀ ਤੋਂ ਬੋਲਦਾ ਹਾਂ, ਜੋ ਤੁਹਾਡੀ ਪੋਸਟ ਸੋਸਲ ਮੀਡੀਆ 'ਤੇ ਵਾਇਰਲ ਹੋਈ ਹੈ, ਉਹ ਜੁਰਮ ਹੈ, ਜਿਸ ਨੇ ਇਕ ਹੋਰ ਨੰਬਰ ਦਿੱਤਾ ਤਾਂ ਉਸ ਨੇ ਉਸ ਨੰਬਰ 'ਤੇ ਗੱਲ ਕੀਤੀ ਅਤੇ ਕਿਹਾ ਕਿ ਇਹ ਸਕਰੀਨ ਸ਼ਾਟ ਡਿਲੀਟ ਕਰ ਦਿਓ ਤਾਂ ਅਣਪਛਾਤੇ ਵਿਅਕਤੀ ਨੇ ਕਿਹਾ ਕਿ ਮੇਰੇ ਖਾਤੇ ਵਿਚ 20,500 ਰੁਪਏ ਭੇਜੋ ਅਤੇ ਪੈਸੇ ਭੇਜਣ ਤੋਂ ਬਾਅਦ ਉਸਦੀ ਡਿਮਾਂਡ ਵਧਦੀ ਗਈ ਅਤੇ ਇਸ ਤਰ੍ਹਾਂ ਉਸ ਨਾਲ ਅਣਪਛਾਤੇ ਵਿਅਕਤੀਆਂ ਨੇ 5 ਲੱਖ 86 ਹਜਾਰ ਰੁਪਏ ਦੀ ਠੱਗੀ ਮਾਰੀ ਹੈ। ਉਕਤ ਮਾਮਲੇ ਦੇ ਸਬੰਧ 'ਚ ਥਾਣਾ ਸਿਵਲ ਲਾਈਨ ਦੇ ਸਬ ਇੰਸਪੈਕਟਰ ਗੁਰਮੀਤ ਸਿੰਘ ਨੇ ਦੱਸਿਆ ਕਿ ਐੱਸ. ਐੱਸ. ਪੀ. ਬਟਾਲਾ ਦੇ ਹੁਕਮਾਂ 'ਤੇ ਜਾਂਚ ਤੋਂ ਬਾਅਦ ਬਜੁਰਗ ਦੀ ਸ਼ਿਕਾਇਤ 'ਤੇ ਅਣਪਛਾਤੇ ਵਿਅਕਤੀਆਂ ਵਿਰੁੱਧ ਉਪਰੋਕਤ ਥਾਣੇ ਵਿਚ ਧਾਰਾ 420 ਆਈ.ਪੀ.ਸੀ.ਤਹਿਤ ਦਰਜ ਕਰ ਦਿੱਤਾ ਗਿਆ ਹੈ।

ਬਾਬਾ ਲਾਲ ਦਿਆਲ ਜੀ ਦੇ ਮੰਦਰ ਦੀ ਗੋਲਕ 'ਚੋਂ ਚੋਰਾਂ ਨੇ ਉਡਾਏ ਹਜਾਰਾਂ ਰੁਪਏ

ਦੀਨਾਨਗਰ 1 ਫਰਵਰੀ। ਪੁਲਸ ਸਟੇਸਨ ਦੀਨਾਨਗਰ ਅਧੀਨ ਆਉਂਦੇ ਇਲਾਕੇ ਅੰਦਰ ਲਗਾਤਾਰ ਚੋਰੀ ਦੀਆਂ ਘਟਨਾ ਵਿਚ ਵਾਧਾ ਹੋਣ ਕਾਰਨ ਲੋਕਾਂ ਦੇ ਮਨਾਂ ਵਿੱਚ ਚੋਰਾਂ ਦੀ ਦਹਿਸਤ ਵਾਲਾ ਮਾਹੌਲ ਵੇਖਿਆ ਜਾ ਰਿਹਾ ਹੈ। ਜਿਸ ਦੀ ਮਿਸਾਲ ਬੀਤੀ ਰਾਤ ਚੋਰਾਂ ਵੱਲੋਂ ਦੀਨਾਨਗਰ ਦੇ ਨੇੜੇ ਪੈਂਦੇ ਕ੍ਰਿਸਨਾ ਨਗਰ ਕੈਂਪ ਵਿੱਚ ਬਾਬਾ ਲਾਲ ਦਿਆਲ ਜੀ ਦੇ ਮੰਦਰ ਦੀ ਰਾਤ ਨੂੰ ਚੋਰਾਂ ਨੇ ਗੋਲਕ ਤੋੜ ਕੇ ਕਰੀਬ 25 ਤੋਂ 30 ਹਜਾਰ ਦੀ ਰਾਸੀ ਚੋਰੀ ਕਰਨ ਦੀ ਖਬਰ ਮਿਲੀ ਹੈ। ਇਸ ਮੌਕੇ ਮੰਦਰ ਦੇ ਪੁਜਾਰੀ ਨੇ ਦੱਸਿਆ ਕਿ ਸਵੇਰੇ 5 ਵਜੇ ਦੇ ਕਰੀਬ ਮੰਦਰ ਆਇਆ ਤਾਂ ਗੇਟ ਦਾ ਤਾਲਾ ਟੁੱਟਿਆ ਹੋਇਆ ਸੀ। ਚੋਰਾਂ ਵੱਲੋਂ ਗੋਲਕ ਦਾ ਤਾਲਾ ਤੋੜ ਕੇ ਵਿੱਚੋਂ ਸਾਰੀ ਨਕਦੀ ਚੋਰੀ ਕਰ ਲਈ ਗਈ ਸੀ। ਇਸ ਦੀ ਸੂਚਨਾ ਦੀਨਾਨਗਰ ਪੁਲਸ ਨੂੰ ਦੇ ਦਿੱਤੀ ਗਈ ਹੈ। ਪੁਲਸ ਨੇ ਮੌਕੇ 'ਤੇ ਪਹੁੰਚ ਨੇੜਲੇ ਘਰ ਵਿੱਚ ਲੱਗੇ ਸੀਸੀਟੀਵੀ ਕੈਮਰੇ ਨੂੰ ਖੰਗਾਲਿਆ ਹੈ। ਦੂਜੇ ਪਾਸੇ ਇਲਾਕਾ ਵਾਸੀਆਂ ਦਾ ਕਹਿਣਾ ਹੈ ਕਿ ਦੀਨਾਨਗਰ ਤੇ ਇਲਾਕੇ ਅੰਦਰ ਲਗਾਤਾਰ ਹੀ ਚੋਰੀ ਦੀਆਂ ਘਟਨਾ ਵਾਪਰ ਰਹੀਆਂ ਹਨ, ਜਿਸ ਕਾਰਨ ਪੁਲਸ ਪ੍ਰਸਾਸਨ ਨੂੰ ਇਲਾਕੇ ਅੰਦਰ ਗਸਤ ਤੇਜ ਕਰਨ ਦੀ ਮੰਗ ਕੀਤੀ ਜਾਂਦੀ ਹੈ ਤਾਂ ਕਿ ਇਲਾਕੇ ਅੰਦਰ ਹੋ ਰਹੇ ਨਿਤ ਦਿਨ ਚੋਰੀ ਦੀਆਂ ਘਟਨਾ ਨੂੰ ਨੱਥ ਪਾਈ ਜਾ ਸਕੇ।

ਪਿਤਾ ਦੇ ਸਸਕਾਰ ਤੋਂ ਪਰਤ ਰਹੀ ਧੀ ਸਣੇ 5 ਸਾਲਾ ਬੱਚੀ ਦੀ ਹਾਦਸੇ 'ਚ ਮੌਤ

ਮਲੋਟ 1 ਫਰਵਰੀ। ਕੱਲ ਗੁਰੂਹਰਸਹਾਏ ਨੇੜੇ ਵਾਪਰੇ ਦਰਦਨਾਕ ਸੜਕ ਹਾਦਸੇ ਵਿਚ ਮਲੋਟ ਵਾਸੀ ਇਕ 35 ਸਾਲਾ ਮਹਿਲਾ ਅਤੇ ਉਸਦੀ 5 ਸਾਲਾ ਬੱਚੀ ਦੀ ਦਰਦਨਾਕ ਮੌਤ ਹੋ ਗਈ, ਜਦਕਿ ਇਸ ਹਾਦਸੇ ਵਿਚ ਮਹਿਲਾ ਦਾ ਪਤੀ ਅਤੇ ਸੱਸ ਗੰਭੀਰ ਫੱਟੜ ਹੋ ਗਏ ਹਨ। ਮਿਲੀ ਜਾਣਕਾਰੀ ਅਨੁਸਾਰ ਮਲੋਟ ਦੇ ਦਵਿੰਦਰਾ ਰੋਡ ਵਾਸੀ ਸੁਖਮੀਤ ਕੌਰ ਆਪਣੇ ਪਤੀ ਗੁਰਜੀਤ ਸਿੰਘ, ਸੱਸ ਤੇ ਪੰਜ ਸਾਲਾ ਧੀ ਨਾਲ ਗੁਰੂਹਰਸਹਾਏ ਵਿਖੇ ਆਪਣੇ ਪਿਤਾ ਦੇ ਸਸਕਾਰ ਉਪਰੰਤ ਕਾਰ 'ਤੇ ਸਵਾਰ ਹੋ ਕੇ ਵਾਪਸ ਮਲੋਟ ਆ ਰਹੀ ਸੀ ਅਤੇ ਗੁਰੂਹਰਸਹਾਏ ਨੇੜੇ ਪਿੰਡ ਝੰਡੂ ਵਾਲਾ ਦੇ ਕੋਲ ਉਨ੍ਹਾਂ ਦੀ ਇਕ ਹੋਰ ਕਾਰ ਨਾਲ ਜੋਰਦਾਰ ਟੱਕਰ ਹੋ ਗਈ। ਇਸ ਹਾਦਸੇ ਵਿਚ ਸੁਖਮੀਤ ਕੌਰ ਅਤੇ ਉਸ ਦੀ ਬੱਚੀ ਨਿਮਰਤ ਕੌਰ ਦੀ ਦਰਦਨਾਕ ਮੌਤ ਹੋ ਗਈ, ਜਦਕਿ ਗੁਰਜੀਤ ਸਿੰਘ ਅਤੇ ਉਸਦੇ ਮਾਤਾ ਗੰਭੀਰ ਰੂਪ ਨਾਲ ਜਖਮੀ ਹੋ ਗਏ। ਨਿਮਰਤ ਕੌਰ ਜੀ. ਟੀ. ਬੀ. ਐਲੀਮੈਂਟਰ ਸਕੂਲ ਦੀ ਵਿਦਿਆਰਥਣ ਸੀ। ਇਸ ਹਾਦਸੇ ਤੋਂ ਬਾਅਦ ਇਲਾਕੇ ਵਿਚ ਸੋਗ ਦੀ ਲਹਿਰ ਦੌੜ ਗਈ ਹੈ।

ਬਿਜਲੀ ਚੋਰਾਂ ਦੇ ਹੌਸਲੇ ਬੁਲੰਦ, ਮੀਟਰ ਟੈਂਪਰ ਕਰਵਾ ਕੇ ਕਰ ਰਹੇ ਬਿਜਲੀ ਚੋਰੀ

ਅੰਮ੍ਰਿਤਸਰ 1 ਫਰਵਰੀ। ਪੰਜਾਬ 'ਚ ਭਾਵੇਂ ਸ

ਰਿਸ਼ਤਿਆਂ ਤੋਂ ਉਚਾਟ ਹੋਇਆ ਮਨ

ਹਰਪ੍ਰੀਤ ਕੋਰ



ਗੱਲ ਉਨ੍ਹਾਂ ਸੱਮਿਆਂ ਦੀ ਹੈ ਜਦੋਂ ਕਹਾਣੀਕਾਰ ਆਪਣੇ ਪਰਿਵਾਰ ਨਾਲ ਪਿੰਡ ਰਹਿੰਦਾਂ ਸੀ। ਉਸ ਦੀ ਉਮਰ 10-ਸਾਲ ਸੀ। ਜਿਉਂ-ਜਿਉਂ ਕਹਾਣੀਕਾਰ ਜਵਾਨ ਹੁੰਦਾ ਗਿਆ ਲੋਕਾਂ ਨਾਲ ਉਸ ਦੀ ਸਾਂਝ ਵਧਦੀ ਗਈ ਸਮਾਂ ਕਿਵੇਂ ਲੰਘ ਰਿਹਾ ਸੀ ਕੁਝ ਵੀ ਪਤਾ ਨਹੀ ਸੀ ਚੱਲ ਰਿਹਾ। ਸਮਾਂ ਲੰਘਣ ਦੇ ਨਾਲ-ਨਾਲ ਕਹਾਣੀਕਾਰ ਜਵਾਨ ਹੁੰਦਾਂ ਗਿਆ ਅਤੇ ਉਸ ਨੂੰ ਪੜ੍ਹ ਲਿਖਕੇ ਇਕ ਸਰਕਾਰੀ ਮਹਿਕਮੇ ਵਿਚ ਨੌਕਰੀ ਮਿਲ ਗਈ। ਉਹ ਨੌਕਰੀ ਕਰਨ ਲਈ ਪਿੰਡ ਤੋਂ ਦੂਰ ਚਲਾ ਗਿਆ ਪਰ ਉਸ ਦਾ ਪਰਿਵਾਰ, ਭੈਣ/ਭਰਾ ਉਸ ਪਿੰਡ ਵਿਚ ਹੀ ਰਹਿੰਦੇ ਸਨ। ਕਹਾਣੀਕਾਰ ਦੇ ਮਨ ਵਿਚ ਲੋਕਾਂ ਨਾਲ ਮਿਲਵਰਤਨ ਦੀ ਤੀਬਰ ਇੱਛਾਂ ਸੀ। ਜਦੋਂ ਵੀ ਉਹ ਆਪਣੇ ਪਿੰਡ ਆਉਂਦਾ ਤਾਂ ਉਹ ਲੋਕਾਂ ਅਤੇ ਆਪਣੇ ਸਾਕ-ਸਬੰਧੀਆਂ ਅਤੇ ਗਲ਼ੀ ਮੁਹੱਲੇ ਵਾਲਿਆਂ ਨਾਲ ਖ਼ੂਬ ਮਿਲਵਰਤਨ ਰੱਖਦਾ ਪਰ ਕੁਝ ਲੋਕ ਉਸ ਨੂੰ ਘੱਟ ਪਸੰਦ ਕਰਦੇ ਸਨ ਅਤੇ ਉਹ ਹਰ ਸਮੇਂ ਉਸ ਨੂੰ ਨੀਵਾਂ ਦਿਖਾਉਣਾ ਚਾਹੁੰਦੇ ਸਨ ਪਰ ਕਹਾਣੀਕਾਰ ਦੇ ਪਿਆਰ ਵਿਚ ਕੋਈ ਫ਼ਰਕ ਨਾ ਪੈਂਦਾਂ। ਜਿੱਥੇ ਕਹਾਣੀਕਾਰ ਰਹਿੰਦਾ ਸੀ ਉਸ ਦੇ ਮਕਾਨ ਦੀ ਕੰਧ ਦੂਜੇ ਗੁਆਂਢੀ ਨਾਲ ਸਾਂਝੀ ਸੀ ਜਦੋਂ ਕਹਾਣੀਕਾਰ ਬਦਲੀ ਕਰਵਾ ਕੇ ਆਪਣੇ ਪਿੰਡ ਰਹਿਣ ਆ ਗਿਆ ਤਾਂ ਉਸ ਨੇ ਆਪਣੀ ਸਾਂਝ ਦਾ ਸਿਲਸਿਲਾ ਕਾਇਮ ਰੱਖਿਆ।

ਕੁਝ ਸਾਲ ਬੀਤੇ ਕਹਾਣੀਕਾਰ ਦਾ ਵਿਆਹ ਹੋ ਗਿਆ। ਕਹਾਣੀਕਾਰ ਦਾ ਆਪਣਾ ਵੀ ਪਰਿਵਾਰ ਹੋ ਗਿਆ ਅਤੇ ਉਸ ਨੇ ਆਪਣੇ ਬੱਚਿਆਂ ਨੂੰ ਪੜ੍ਹਣ ਲਈ ਪਿੰਡ ਤੋਂ ਸ਼ਹਿਰ ਪਾ ਦਿੱਤਾ। ਪਿੰਡ ਤੋ ਸ਼ਹਿਰ ਦੂਰ ਹੋਣ ਕਰਕੇ ਆਉਣ-ਜਾਣ ਲਈ ਕਾਫ਼ੀ ਮੁਸੀਬਤਾ ਦਾ ਸਾਹਮਣਾ ਕਰਨਾ ਪੈਂਦਾ ਸੀ। ਜਿਸ ਕਰਕੇ ਕਹਾਣੀਕਾਰ ਨੇ ਸ਼ਹਿਰ ਰਹਿਣ ਦਾ ਮਨ ਬਣਾ ਲਿਆ। ਉਹ ਆਪਣੇ ਪਿੰਡ ਵਾਲੇ ਘਰ ਨੂੰ ਵੇਚਣਾ ਚਾਹੁੰਦਾ ਸੀ ਪਰ ਉਸ ਦਾ ਗੁਆਂਢੀ ਜਿਸ ਦੀ ਕੰਧ ਉਸ ਦੇ ਘਰ ਨਾਲ ਸਾਂਝੀ ਸੀ। ਉਸ ਨੇ ਮਕਾਨ ਵੇਚਣ ਵਿਚ ਅੜਿਕਾ ਖੜਾ ਕਰ ਦਿੱਤਾ। ਜਿਸ ਦੇ ਚਲਦਿਆ ਕਹਾਣੀਕਾਰ ਨੂੰ ਬੜੀਆ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਗੱਲ ਥਾਣੇ ਕਚਹਿਰੀਆਂ ਤੱਕ ਪੁੱਜ ਗਈ ਪਰ ਹਾਲੇ ਵੀ ਕਹਾਣੀਕਾਰ ਦੇ ਮਨ ਵਿਚ ਦੁਸ਼ਮਨੀ ਦੀ ਭਾਵਨਾ ਨਹੀਂ ਸੀ ਪਰ ਗੁਵਾਂਢੀ ਨੇ ਅੱਤ ਕਰ ਦਿੱਤੀ ਜਦ ਗੱਲ ਮੁਕਦਮੇ ਤਕ ਪੁੱਜ ਗਈ। ਹੁਣ ਕਹਾਣੀਕਾਰ ਦੇ ਸਿਰ ਤੋਂ ਪਾਣੀ ਨਿਕਲ ਚੁੱਕਾ ਸੀ। ਉਸ ਨੇ ਮਕਾਨ ਵੇਚਣ ਦਾ ਪੱਕਾ ਇਰਾਦਾ ਕਰ ਲਿਆਂ। ਉਸ ਦਾ ਵਿਸ਼ਵਾਸ ਰਿਸ਼ਤਿਆਂ ਤੋਂ ਉਠ ਗਿਆ। ਮੁਕਦਮਾ ਕਹਾਣੀਕਾਰ ਦੇ ਹੱਕ ਵਿਚ ਹੋ ਗਿਆ ਅਤੇ ਉਹ ਆਪਣਾ ਮਕਾਨ ਵੇਚ ਕੇ ਸ਼ਹਿਰ ਆ ਗਿਆ। ਉਸ ਦੀ ਪਿੰਡ ਨਾਲੋਂ ਸਾਂਝ ਟੁੱਟ ਗਈ।

ਨਵੀਂ ਜਗ੍ਹਾਂ ਤੇ ਆ ਕੇ ਕਹਾਣੀਕਾਰ ਨੇ ਨਵੇਂ ਰਿਸ਼ਤੇ ਬਣਾਉਣੇ ਸ਼ੁਰੂ ਕੀਤੇ। ਥੋੜ੍ਹੇ ਹੀ ਸਮੇਂ ਵਿਚ ਉਸ ਨੇ ਲੋਕਾਂ ਨਾਲ ਗੂੜ੍ਹਾ ਪਿਆਰ ਪਾ ਲਿਆ। ਨਵੀਂ ਜਗ੍ਹਾਂ 'ਤੇ ਆ ਕੇ ਉਸ ਨੇ ਆਪਣੀਆਂ ਕੌੜੀਆਂ ਯਾਦਾਂ ਨੂੰ ਖ਼ਤਮ ਕਰਨਾ ਚਾਹਿਆ। ਸਮਾਂ ਬੜੇ ਹੀ ਖ਼ੁਸ਼ਹਾਲ ਤਰੀਕੇ ਨਾਲ ਬੀਤ ਰਿਹਾ ਸੀ ਅਤੇ ਉਸ ਦੇ ਆਪਣੇ ਸਾਰੇ ਹੀ ਗੁਆਂਢੀਆਂ ਨਾਲ ਬੜੇ ਗੂੜ੍ਹੇ ਸਬੰਧ ਬਣ ਗਏ ਸਨ। ਉਸ ਨੂੰ ਇਹ ਅੰਦਾਜ਼ਾ ਵੀ ਨਹੀ ਸੀ ਕਿ ਗੁਆਂਢੀ ਉਸ ਨਾਲ ਖਾਰ ਖਾਂਦੇ ਹੋਣਗੇ ਪਰ ਉਸ ਦਾ ਪਤਾ ਉਦੋਂ ਹੀ ਲੱਗਾਂ ਜਦੋਂ ਉਨਾਂ ਨੇ ਕਹਾਣੀਕਾਰ ਦੀ ਪਿੱਠ ਪਿੱਛੇ ਵਾਰ ਕੀਤਾ। ਕਹਾਣੀਕਾਰ ਦਾ ਮਨ ਰਿਸ਼ਤਿਆਂ ਤੋਂ ਉਚਾਟ ਹੋ ਗਿਆ। ਉਸ ਨੇ ਬਹੁਤ ਕੋਸ਼ਿਸ਼ ਕੀਤੀ ਕਿ ਸਬੰਧ ਸੁਧਰ ਜਾਣ ਪਰ ਤਾਣੀ ਉਲਝਦੀ ਹੀ ਗਈ। •

87258-36884

ਮੋਹ-ਪਿਆਰ

ਹੁਣ ਉਹ ਨਿੱਘ, ਸਤਿਕਾਰ ਤੇ ਮੋਹ-ਪਿਆਰ ਕਿਧਰੇ ਨਹੀਂ ਮਿਲਦਾ ਜੋ ਪੁਰਾਤਨ ਸਮੇਂ ਰਿਸ਼ਤਿਆਂ 'ਚ ਹੁੰਦਾ ਸੀ। ਮਨੁੱਖ ਖ਼ੁਦ ਨੂੰ ਅੱਗੇ ਦਿਖਾਉਣ ਦੀ ਦੌੜ 'ਚ ਰਿਸ਼ਤਿਆਂ ਦੀ ਕਦਰ ਭੁੱਲ ਗਿਆ ਹੈ। ਅੱਜ ਪਰਿਵਾਰ ਵਿਖਰ ਰਹੇ ਹਨ ਤੇ ਰਿਸ਼ਤੇ ਖ਼ਤਮ ਹੋ ਰਹੇ ਹਨ।

ਪੱਛਮੀ ਸੱਭਿਅਤਾ ਦੀ ਗ਼ੁਲਾਮ ਅਜੋਕੀ ਪੀੜ੍ਹੀ

ਸਮੇਂ ਦੇ ਨਾਲ ਚਲਣਾ ਬਹੁਤ ਜ਼ਰੂਰੀ ਹੈ। ਇਸ ਨਾਲ ਸਾਨੂੰ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਤੁਰਦੇ-ਤੁਰਦੇ ਅਸੀਂ ਇੰਨੇ ਵੀ ਅੱਗੇ ਨਾ ਨਿਕਲ ਜਾਈਏ ਕਿ ਕਿੱਧਰੇ ਆਪਣੇ ਵਜੂਦ ਅਤੇ ਜੜ੍ਹਾਂ ਤੋਂ ਟੁੱਟ ਕੇ ਰਸਤਾ ਭਟਕ ਕੇ ਗੁਆਚ ਹੀ ਨਾ ਜਾਈਏ...

ਦਵਿੰਦਰ ਕੌਰ

ਸੱਭਿਆਚਾਰ ਪੁਰਾਤਨ ਪੀੜ੍ਹੀਆਂ ਦੀਆਂ ਕਦਰਾਂ-ਕੀਮਤਾਂ, ਜੀਵਨ, ਰੀਤ-ਰਿਵਾਜ, ਕਲਾ, ਰਹਿਣ-ਸਹਿਣ ਤੇ ਸਾਡੇ ਵਜੂਦ ਦਾ ਨਾਂ ਹੈ ਜੋ ਸਾਨੂੰ, ਸਾਡੀਆਂ ਜੜ੍ਹਾਂ ਤੋਂ ਜਾਣੂ ਕਰਵਾਉਂਦਾ ਹੈ ਕਿ ਅਸੀਂ ਕੀ ਹਾਂ? ਸੱਭਿਅਤਾ ਤੋਂ ਬਿਨਾਂ ਜ਼ਿੰਦਗੀ ਇਕ ਖ਼ਾਲੀ ਫੋਟੋ ਦੇ ਫਰੇਮ ਵਾਂਗ ਹੈ। ਸੱਭਿਆਚਾਰ ਉੱਚਾ-ਸੁੱਚਾ ਤੇ ਅਮੀਰ ਹੈ। ਗੱਲ ਕੀ ਸੱਭਿਆਚਾਰ ਹੀ ਸਾਡੀ ਪਛਾਣ ਹੈ। ਭਾਰਤ ਦੀ ਉੱਤਰ-ਪੱਛਮ ਦੀ ਧਰਤੀ ਦੀ ਸੁਹਾਵਣੀ ਗੋਦ ਵਿਚ ਵਸਦਾ ਸਾਡਾ ਪੰਜਾਬ ਪੰਜ ਦਰਿਆਵਾਂ ਦੀ ਪਵਿੱਤਰ ਧਰਤੀ ਹੈ। ਗੁਰੂਆਂ-ਪੀਰਾਂ ਅਤੇ ਮਹਾਂਪੁਰਖਾਂ ਦੀ ਸਿੰਜੀ ਇਸ ਜ਼ਰਖ਼ੇਜ਼ ਧਰਤੀ ਵਿੱਚੋਂ ਖ਼ੁਸ਼ੀਆਂ ਦੇ ਸੋਮੇਂ ਫੁਟਦੇ ਹਨ। ਆਦਿ ਕਾਲ ਤੋਂ ਲੈ ਕੇ ਅੱਜ ਤਕ ਪੰਜਾਬੀਆਂ ਨੇ ਜਨਮ ਤੋਂ ਲੈ ਕੇ ਮੌਤ ਤੱਕ ਹਰ ਥਾਂ ਵੱਖਰੀ ਹੀ ਟੌਹਰ ਕਾਇਮ ਕੀਤੀ ਹੈ।

ਹਰ ਰੀਤ-ਰਿਵਾਜ ਦੀ ਸ਼ੁਰੂਆਤ ਅਤੇ ਅੰਤ ਲੋਕ-ਰੀਤਾਂ ਨਾਲ ਹੁੰਦਾ ਹੈ। 'ਹਰਿਆ ਨੀ ਮਾਲਣ, ਹਰਿਆ ਨੀ ਭੈਣੇਂ' ਲੋਕ-ਗੀਤ ਨਾਲ ਮਨੁੱਖ ਜਨਮ ਲੈਂਦਾ ਹੈ ਤੇ ਮਿੱਠੀਆਂ ਲੋਰੀਆਂ ਸੁਣ ਕੇ ਵੱਡਾ ਹੁੰਦਾ ਹੈ। ਪ੍ਰੀਤ ਦੇ ਵਲਵਲਿਆਂ ਦੇ ਗੀਤ ਗਾਉਂਦਾ ਹੋਇਆ ਜਵਾਨੀ ਦੇ ਰੰਗ ਮਾਣਦਾ ਹੈ, ਫਿਰ ਸੁਹਾਗ ਅਤੇ ਘੋੜੀਆਂ ਨਾਲ ਵਿਆਹਿਆ ਜਾਂਦਾ ਹੈ। ਫਿਰ ਉਹ 'ਹਰਿਆ ਨੀ ਮਾਲਣਾਂ' ਵਰਗੇ ਗੀਤਾਂ ਨਾਲ ਔਲਾਦ ਨੂੰ ਜਨਮ ਦਿੰਦਾ ਹੈ। ਉਸ ਨੂੰ ਪਾਲਦਾ ਵਿਆਹੁਦਾ ਅਤੇ ਅੰਤ ਨੂੰ ਕੀਰਨੇ ਅਤੇ ਅਲਾਹੁਣੀਆਂ ਨਾਲ ਇਸ ਸੰਸਾਰ ਤੋਂ ਵਿਦਾ ਲੈਂਦਾ ਹੈ। ਲੋਕ-ਗੀਤਾਂ ਵਿਚ ਰੰਗਲਾ ਪੰਜਾਬ ਵਸਦਾ ਹੈ। ਇਹ ਸਮੁੱਚੇ ਪੰਜਾਬ ਦੀ ਮੂੰਹ ਬੋਲਦੀ ਤਸਵੀਰ ਹੈ।

ਇਸੇ ਤਰ੍ਹਾਂ ਮੇਲੇ ਵੀ ਪੰਜਾਬੀਆਂ ਦੀ ਜਿੰਦ-ਜਾਨ ਹਨ, ਜਿੰਨ੍ਹਾਂ ਵਿਚ ਪੰਜਾਬੀ ਸੰਸਕ੍ਰਿਤੀ ਦੀ ਝਲਕ ਵੇਖਣ ਨੂੰ ਮਿਲਦੀ ਹੈ। ਮੇਲੇ ਸਾਡੇ ਚਾਅ-ਸੱਧਰਾਂ ਦੀ ਪੂਰਤੀ ਕਰਦੇ ਹਨ। ਮੌਜ-ਮਸਤੀ, ਪਿਆਰਿਆਂ ਦੇ ਮੇਲ ਅਤੇ ਪੰਜਾਬਣਾਂ ਦੇ ਹਾਰ-ਸ਼ਿੰਗਾਰ ਮੇਲਿਆਂ ਦੀ ਖ਼ਾਸ ਨਿਸ਼ਾਨੀ ਹੈ।

ਆਪਣੀ ਵਿਰਾਸਤ 'ਤੇ ਮਾਣ ਕਰਨਾ ਸਵੈ-ਵਿਸ਼ਵਾਸ ਦੀ ਬੁਨਿਆਦ ਹੈ। ਸਾਡਾ ਵਿਰਸਾ ਬਹੁਤ ਅਮੀਰ, ਪੁਰਾਣਾ ਅਤੇ ਮਾਣਮੱਤਾ ਹੈ। ਪੁਰਾਣੇ ਸਮੇਂ ਹੱਥੀਂ ਕਿਰਤ ਕਰਨ ਨੂੰ ਅਹਿਮੀਅਤ ਦਿੱਤੀ ਜਾਂਦੀ ਸੀ। ਇਹੀ ਮਿਹਨਤ-ਮੁਸ਼ੱਕਤ ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਦੀ ਸੀ ਨਾਲ ਹੀ ਇਹ ਰੁਝੇਵਾਂ ਨਸ਼ਿਆਂ ਅਤੇ ਹੋਰ ਭੈੜੀਆਂ ਆਦਤਾਂ ਤੋਂ ਬਚਣ ਦਾ ਸਬੱਬ ਵੀ ਬਣਦਾ ਸੀ। ਅੱਜ ਇਹ ਸਭ ਕੁਝ ਵਿਸਰਦਾ ਜਾ ਰਿਹਾ ਹੈ। ਹਲ਼ ਵਾਹੁੰਣਾ, ਖੂਹਾਂ ਤੋਂ ਪਾਣੀ ਭਰਨਾ, ਉੱਖਲ਼ੀਆਂ ਵਿਚ ਦਾਣੇ ਪੀਹਣਾ, ਚੱਕੀ ਪੀਹਣਾ, ਚਰਖਾ ਕੱਤਣਾ, ਤੰਦੂਰ 'ਚ ਰੋਟੀਆਂ ਲਾਉਣਾ ਆਦਿ ਕੰਮ ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਦੇ ਸਨ। ਅੱਜ ਸਭ ਕੁਝ ਬਣਾਵਟੀ ਹੋ ਚੁੱਕਾ ਹੈ। 'ਚਰਖੇ ਦੀ ਘੂਕਰ' ਸੁਣਨੀ ਤਾਂ ਦੂਰ' ਚਰਖਾ ਹੀ ਨਹੀਂ ਦਿਖਾਈ ਦਿੰਦਾ। ਉਸ ਨੂੰ ਬੇਲੋੜੀਆਂ ਚੀਜ਼ ਸਮਝ ਕੇ ਕਿਸੇ ਕੋਨੇ ਵਿਚ ਕਬਾੜ ਸਮਝ ਕੇ ਸੁੱਟ ਦਿੱਤਾ ਜਾਂਦਾ ਹੈ।

ਪੁਰਾਤਨ ਵਿਰਸੇ ਨੂੰ ਸੰਭਾਲਣ ਦੀ ਜਦ ਗੱਲ ਤੁਰਦੀ ਹੈ ਤਾਂ ਅਸੀਂ ਚਾਹੁੰਦੇ ਹਾਂ ਕਿ ਹਰ ਪਾਸੇ ਵਿਰਸੇ ਦੀ ਤਸਵੀਰ ਦਿਸੇ ਪਰ ਇਹ ਤਾਂ ਤਸਵੀਰ ਜੀਵਨ ਜਿਊਣ ਦੇ ਢੰਗਾਂ ਤੋਂ ਉਪਜ ਸਕਦੀ ਹੈ, ਨਾ ਕਿ ਗੱਲਾਂ ਨਾਲ।

ਹੁਣ ਨਾ ਤਾਂ ਮਧਾਣੀਆਂ ਦੀ ਲੋੜ ਰਹੀ ਤੇ ਨਾ ਫੁਲਕਾਰੀਆਂ ਦੀ ਤੇ ਨਾ 20-20 ਗਜ਼ ਦੇ ਘੱਗਰੇ ਹੀ ਰਹੇ। ਅੱਜ ਕੱਲ੍ਹ ਮਹਿੰਗੇ ਮੁੱਲ ਦੀਆਂ ਫੁਲਕਾਰੀਆਂ ਖ਼ਰੀਦ ਤਾਂ ਲੈਂਦੇ ਹਾਂ ਪਰ ਇਕ ਵਾਰ ਪੇਟੀ 'ਚ ਰੱਖ ਕੇ ਦੁਬਾਰਾ ਕੱਢ ਕੇ ਲੈਣ ਦਾ ਸਮਾਂ ਨਹੀਂ ਰਹਿੰਦਾ। 'ਪੱਗ ਬੰਨਣ' ਨੂੰ ਸਮੇਂ ਦੀ ਬਰਬਾਦੀ ਦੱਸਿਆ ਜਾਂਦਾ ਹੈ। ਆਪਣੇ ਆਪ ਨੂੰ ਆਧੁਨਿਕ ਕਹਿਣ ਵਾਲੇ ਲੋਕ ਲਈ 'ਚੁੰਨੀ ਲੈਣਾ' ਅਤੇ 'ਪੰਜਾਬੀ ਪਹਿਰਾਵਾਂ' ਪਾਉਣਾ 'ਬੈਕਵਰਡ' ਹੈ।

ਪੰਜਾਬਣ ਮੁਟਿਆਰ ਦੇ ਪੈਰਾਂ ਵਿਚਲੀ 'ਜੁੱਤੀ ਕਸੂਰੀ' ਤਾਂ ਸਮੇਂ ਦੇ ਨਾਲ ਚੱਲਣ ਕਰਕੇ ਘਸ ਗਈ ਹੈ ਕਿਉਂਕਿ ਆਧੁਨਿਕ ਜ਼ਮਾਨੇ ਦੇ ਉਖੜੇ ਜਿਹੇ ਰਾਹਾਂ 'ਤੇ ਚਲਦੀ-ਚਲਦੇ ਆਪਣੀ ਪਛਾਣ ਗਵਾ ਬੈਠੀ ਹੈ। ਪੰਜਾਬਣ ਮਾਣ-ਮਰਿਆਦਾ ਨੂੰ ਭੁਲਦੀ ਜਾ ਰਹੀ ਹੈ ਅਤੇ ਪੱਛਮੀ ਸੱਭਿਆਚਾਰ ਦਾ ਰੰਗ ਗੂੜ੍ਹਾ ਹੁੰਦਾ ਜਾ ਰਿਹਾ ਹੈ। ਅਸੀਂ ਅੰਗਰੇਜ਼ੀ ਲੋਕਾਂ ਦੀ ਗ਼ੁਲਾਮੀ ਤੋਂ ਆਜ਼ਾਦ ਹੋਏ ਹਾਂ ਪਰ ਅੰਗਰੇਜ਼ੀ ਸੱਭਿਅਤਾ ਅੱਜ ਵੀ ਗ਼ੁਲਾਮ ਹਾਂ।

ਇਹ ਵੀ ਠੀਕ ਹੈ ਕਿ ਸੱਭਿਅਤਾ ਕਿਸੇ ਵੀ ਦੇਸ਼ ਦੀ ਬੁਰੀ ਨਹੀਂ ਹੁੰਦੀ ਪਰ ਬੁਰੀ ਗੱਲ ਹੈ ਆਪਣੀ ਸੱਭਿਅਤਾ ਨੂੰ ਨਕਾਰ ਕੇ ਦੂਜੀ ਨੂੰ ਅਪਨਾਉਣਾ ਹੈ। ਹਰੇਕ ਦੇਸ਼ ਦੀਆਂ ਚੰਗੀਆਂ ਗੱਲਾਂ ਨੂੰ ਅਪਣਾਓ ਪਰ ਆਪਣਾ ਵਿਰਸਾ ਵੀ ਨਾ ਵਿਸਾਰੋ।

ਜਿਹੜੇ ਲੋਕ ਮਾਂ ਬੋਲੀ ਨੂੰ ਨੀਵੇਂ ਦਰਜੇ ਦਾ ਸਮਝ ਕੇ ਹੋਰ ਭਾਸ਼ਾਵਾਂ ਨੂੰ ਪਹਿਲ ਦੇ ਰਹੇ ਹਨ ਉਹ ਆਉਣ ਵਾਲੀ ਪੀੜ੍ਹੀ ਨੂੰ ਵਿਰਸੇ ਤੋਂ ਦੂਰ ਕਰ ਰਹੇ ਹਨ। ਇਹ ਲੋਕ ਮਾਤ ਭਾਸ਼ਾ ਨੂੰ ਵਿਸਰ-ਵਿਸਾਰ ਕੇ ਖ਼ੁਦ ਹੀ ਉਲਾਂਭਾ ਦੇਣਗੇ ਕਿ ਸਾਡੀ ਔਲਾਦ ਸਾਨੂੰ ਸਮਝਦੀ ਨਹੀਂ। ਸਮਝੇਗੀ ਕਿਵੇਂ ਜਦ ਭਾਵਨਾਵਾਂ ਦੀ ਭਾਸ਼ਾ ਹੀ ਉਨ੍ਹਾਂ ਨੂੰ ਨਹੀ ਆਉਂਦੀ ਹੋਵੇਗੀ? ਉਨ੍ਹਾਂ ਕੋਲ ਤਾਂ ਸਿਰਫ਼ ਆਰਥਿਕ ਤੇ ਕੰਮਕਾਜੀ ਭਾਸ਼ਾ ਹੀ ਰਹਿ ਜਾਵੇਗੀ।

ਸਮੇਂ ਦੇ ਨਾਲ ਚਲਣਾ ਬਹੁਤ ਜ਼ਰੂਰੀ ਹੈ ਪਰ ਸਾਨੂੰ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਤੁਰਦੇ-ਤੁਰਦੇ ਅਸੀਂ ਇੰਨੇ ਵੀ ਅੱਗੇ ਨਾ ਨਿਕਲ ਜਾਈਏ ਕਿ ਕਿੱਧਰੇ ਆਪਣੇ ਵਜੂਦ ਅਤੇ ਜੜ੍ਹਾਂ ਤੋਂ ਟੁੱਟ ਕੇ ਰਸਤਾ ਭਟਕ ਕੇ ਗੁਆਚ ਹੀ ਨਾ ਜਾਈਏ। ਆਪਣੀ ਸੱਭਿਅਤਾ 'ਤੇ ਮਾਣ ਹੋਣਾ ਚਾਹੀਦਾ ਹੈ। ਮੈਂ ਇਹ ਨਹੀ ਕਹਾਂਗੀ ਕਿ ਚਾਦਰੇ ਬੰਨ੍ਹ ਕੇ ਜਾ ਘੱਗਰੇ-ਫੁਲਕਾਰੀਆਂ ਪਾ ਕੇ ਹੀ ਤੁਰੇ ਫਿਰੋ, ਕਹਿਣ ਦਾ ਭਾਵ ਹੈ ਕਿ ਆਧੁਨਿਕ ਸਮੇਂ ਦੇ ਹਾਣੀ ਬਣ ਕੇ ਅਸੀਂ ਆਪਣਾ ਵਿਰਸਾ ਵੀ ਦਿਲ 'ਚ ਵਸਾਈ ਰੱਖੀਏ। •

82838-32839

ਕਵਿਤਾਵਾਂ

ਬਸੰਤ

ਰੁੱਤ ਹੈ ਮੌਲੀ ਸਜੱਣਾ
ਜਿਸ ਨੇ ਆਸਾਂ ਨੂੰ ਜਗਾਇਆ।
ਹਰ ਟਾਹਣੀ 'ਤੇ ਹੁਣ
ਬੂਰ ਹੈ ਆਇਆ।
ਪੰਛੀ ਚਹਿਕਣ ਅੰਬਰੀ
ਸਮਾਂ ਸੁਹਾਵਣਾ ਆਇਆ।
ਰੰਗ ਬਿਰੰਗੇ ਫੁੱਲਾਂ ਨੇ
ਫੁਲਵਾੜੀ ਨੂੰ ਮਹਿਕਾਇਆ।
ਬਾਲਾਂ ਤੇ ਗੱਭਰੂਆਂ ਮਿਲ
ਪਤੰਗਾਂ ਨੂੰ ਉਡਾਇਆ।
ਲਾ ਕੇ ਪੇਚੇ ਅਸਮਾਨ 'ਚ
ਸਭ ਨੇ ਦਿਲ ਬਹਿਲਾਇਆ।
ਕਰ ਪੂਜਾ ਸਰਸਵਤੀ ਦੀ
ਕਾਦਰ ਦਾ ਗੁਣਗਾਣ ਗਾਇਆ।
ਰੰਗ ਬਸੰਤੀ ਨੇ ਸੀ ਸਾਨੂੰ
ਦੇਸ਼ ਭਗਤੀ ਦਾ ਰੰਗ ਚੜ੍ਹਾਇਆ।
ਜਾਂਦੀ ਠੰਡ ਵੇਖ ਕੇ
ਗ਼ਰੀਬਾਂ ਨੇ ਸ਼ੁਕਰ ਮਨਾਇਆ।
ਕ੍ਰਿਪਾ ਕਰੀਂ ਦਾਤਿਆ
ਬਸੰਤ ਬਹਾਰ ਲੈ ਕੇ ਆਇਆ।
ਜੀਵਨ ਹੋ ਜਾਵੇ ਰੰਗਲ਼ਾ
ਭਾਰਾਂ ਵਾਲ਼ਾ ਦਿਨ ਹੈ ਆਇਆ।
ਹੋਵੇ ਵਿਚ ਨਸੀਬਾਂ ਦੇ ਦਿਨ ਇਹ
'ਫ਼ਕੀਰਾ' ਸੁੱਖਾਂ ਸੰਗ ਜਾਵੇ
ਮਨਾਇਆ।
ਰੁੱਤ ਹੈ ਮੌਲੀ ਸਜੱਣਾ
ਜਿਸ ਨੇ ਆਸਾਂ ਨੂੰ ਜਗਾਇਆ।

• ਵਿਨੋਦ ਫ਼ਕੀਰਾ
98721 97326

ਮੁਹੱਬਤ

ਤੇਰੇ ਨਾਲ ਮੁਹੱਬਤ ਕਿੰਨੀ ਏ
ਤੈਨੂੰ ਕੀ ਸਮਝਾਵਾਂ ਅੜੀਏ ਨੀ
ਕੋਈ ਵਰਨਾ ਇਸ਼ਕ ਮੁਹੱਬਤ ਦਾ
ਅੱਜ 'ਕੱਠਿਆਂ ਹੋ ਕੇ ਪੜ੍ਹੀਏ ਨੀ।

ਤੂੰ ਕਿਸੇ ਸ਼ਾਇਰ ਦੀ ਨਜ਼ਮ ਜਿਹੀ
ਰੂਹਦਾਰੀ ਦੇ ਵਿਚ ਗੱਡੀਏ ਨੀ
ਲਿਖਾਂ ਮੁਹੱਬਤ ਪਾਕ ਤੈਨੂੰ
ਰੱਬ ਦੇ ਘਰ ਦੀਏ ਪਰੀਏ ਨੀ

ਦੋ ਜਿਸਮਾਂ ਇਕ ਜਾਨ ਦੇ ਵਾਂਗੂ
ਹੋ ਜ਼ੁਦਾ ਜ਼ੁਦਾ ਨਾ ਮਰੀਏ ਨੀ
ਨਾਮ ਖ਼ੁਦਾ ਦੇ ਵਾਂਗੂ ਤੈਨੂੰ
ਵਿਚ ਇਬਾਦਤ ਪੜ੍ਹੀਏ ਨੀ
ਜਿੰਨੀ ਉਮਰ ਹੈ ਬਾਕੀ ਸਾਨੂੰ
ਦਿਲ ਤੇਰੇ ਵਿਚ ਘਰ ਕਰੀਏ ਨੀ
ਸਾਥ ਤੇਰਾ ਮੈਨੂੰ ਸਾਹਾਂ ਦੇ ਵਾਂਗੂ
ਸਾਹਾਂ ਬਿਨਾਂ ਦੱਸ ਕੀ ਕਰੀਏ ਨੀ

• ਗੁਰਮੀਤ ਸਿੰਘ
98727-13109

ਕੁੰਡਲੀ

ਕੀ ਹੈ ਇਹ ਕੁੰਡਲੀ ਰੋਗ
ਪਖੰਡੀ ਬਾਬਿਆਂ ਨੂੰ ਦੇ ਰਹੇ ਹੋ
ਤਰਜੀਹ
ਫਸ ਰਹੇ ਹੋ ਉਨ੍ਹਾਂ ਦੇ ਜਾਲ 'ਚ
ਸੰਵਾਰੋ ਆਪਣੇ ਬੱਚਿਆਂ ਦਾ ਭਵਿੱਖ
ਛੱਡੋ ਕੁੰਡਲੀ ਦਾ ਰੋਗ।

ਕੌਣ ਬਣਾਉਂਦਾ ਸੀ ਕੁੰਡਲੀ
ਤੇਰੇ ਤੇ ਮੇਰੇ ਜ਼ਮਾਨੇ 'ਚ
ਉਦੋਂ ਕਿਤੇ ਚੰਗੇ ਸੀ ਰਿਸ਼ਤੇ
ਨਿਭਦੇ ਸੀ ਸਾਰੇ ਲੋਕ
ਛੱਡੋ ਕੁੰਡਲੀ ਦਾ ਰੋਗ।

ਉਂਜ ਤਾਂ ਅੱਜ ਦਾ ਜ਼ਮਾਨਾ
ਅਖਦਾ ਰਿਹਾ ਹੈ ਖ਼ੁਦ ਨੂੰ ਆਧੁਨਿਕ
ਪਰ ਫਸੇ ਹੋਏ ਨੇ ਲੋਕ
ਰੂੜੀਵਾਦੀ ਰੁਚੀਆਂ 'ਚ
ਛੱਡੋ ਕੁੰਡਲੀ ਦਾ ਰੋਗ।

ਕੁੰਡਲੀ ਦੇ ਚੱਕਰ 'ਚ
ਪਹਿਲ਼ਾਂ ਤਾਂ ਹੁੰਦਾ ਹੈ
ਮੁਸ਼ਕਿਲ ਨਾਲ ਸੰਜੋਗ
ਜੇ ਹੋ ਜਾਂਦਾ ਹੈ ਸੰਯੋਗ
ਤਾਂ ਮਨ ਨਾ ਮਿਲਣ ਦਾ ਹੁੰਦ

ਹਰਿਆਣਾ ਦੇ 9 ਸ਼ਹਿਰਾਂ ਵਿਚ ਚਲਾਈ ਜਾਣਗੀਆਂ ਇਲੈਕਟ੍ਰਿਕ ਬੱਸਾਂ

ਪਹਿਲੇ ਪੜਾਅ ਵਿਚ ਖਰੀਦੀ 375 ਬੱਸਾਂ, ਜੂਨ ਤਕ ਚਲਾਈ ਜਾਣਗੀਆਂ ਹੋਰ 7 ਸ਼ਹਿਰਾਂ ਵਿਚ ਇਲੈਕਟ੍ਰਿਕ ਬੱਸਾ

ਚੰਡੀਗੜ੍ਹ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਟ੍ਰਾਂਸਪੋਰਟ ਅਤੇ ਉੱਚੇਰੀ ਸਿਖਿਆ ਮੰਤਰੀ ਸ੍ਰੀ ਮੂਲ ਚੰਦ ਸ਼ਰਮਾ ਨੇ ਕਿਹਾ ਕਿ ਸਰਕਾਰ ਵੱਲੋਂ ਇਲੈਕਟ੍ਰਿਕ ਬੱਸ ਸੇਵਾ ਦੀ ਸ਼ੁਰੂਆਤ ਸੂਬੇ ਦੇ 9 ਸ਼ਹਿਰਾਂ ਵਿਚ ਕਤੀ ਜਾ ਰਹੀ ਹੈ। ਪਹਿਲੇ ਪੜਾਅ ਵਿਚ ਪਾਣੀਪਤ ਅਤੇ ਯਮੁਨਾਨਗਰ ਨਗਰ ਨਿਗਮ ਵਿਚ ਇਹ ਬੱਸਾਂ ਚਲਾਈਆਂ ਜਾ ਰਹੀਆਂ ਹਨ। ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਪਿਛਲੇ ਦਿਨ ਪਾਣੀਪਤ ਦੇ ਬੱਸਾ ਅੱਡੇ ਤੋਂ ਇਸ ਦੀ ਸ਼ੁਰੂਆਤ ਕੀਤੀ ਹੈ। ਇਸ ਬੱਸ ਸਿਟੀ ਸਰਵਿਸ ਲਈ ਸਰਕਾਰ ਵੱਲੋਂ ਜੇਬੀਐਮ ਕੰਪਨੀ ਦੇ ਨਾਲ 12 ਸਾਲ ਦਾ ਸਮਝੌਤਾ ਹੋਇਆ ਹੈ। ਇਸ ਸਮਝੌਤੇ ਵਿਚ ਸਰਕਾਰ 12 ਸਾਲ ਵਿਚ 2450 ਰੁਪਏ ਖਰਚ ਕਰਣਗੀ। ਬੱਸ ਦੇ ਸਾਰੀ ਖਰਚੇ ਕੰਪਨੀ ਵੱਲੋਂ ਕੀਤੇ ਜਾਣਗੇ, ਪਰ ਕੰਡਕਟਰ ਹਰਿਆਣਾ ਰੋਡਵੇਜ ਦਾ ਹੋਵੇਗਾ।

ਸ੍ਰੀ ਮੂਲ ਚੰਦ ਸ਼ਰਮਾ ਨੇ ਅੱਜ ਜਗਾਧਰੀ ਬੱਸ ਅੱਡੇ ਤੋਂ ਇਲੈਕਟ੍ਰਿਕ ਬੱਸ ਸੇਵਾ ਦੀ ਸ਼ੁਰੂਆਤ ਬੱਸ ਦੇ ਗੇਟ 'ਤੇ ਫੀਤਾ ਕੱਟ ਕੇ ਕੀਤੀ। ਉਨ੍ਹਾਂ ਨੇ ਖੁਦ ਬੱਸ ਸਹੂਲਤ ਦੀ ਜਾਂਚ ਲਈ ਬੱਸ ਵਿਚ ਅਧਿਕਾਰੀਆਂ ਤੇ ਹੋਰ ਮਹਿਮਾਨਾਂ ਦੇ ਨਾਲ ਸਫਰ ਕੀਤਾ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਰੋਡਵੇਜ ਦੇਸ਼ ਦਾ ਅਜਿਹਾ ਪਹਿਲਾ ਰਾਜ ਹੈ ਜਿੱਥੇ ਇਲੈਕਟ੍ਰਿਕ ਸਿਟੀ ਬੱਸ ਸੇਵਾ ਉਪਲਬਧ ਕਰਵਾਈ ਜਾ ਰਹੀ ਹੈ। ਨਾਗਰਿਕਾਂ ਦੀ ਸਹੂਲਤ ਲਈ ਇਸ ਬੱਸ ਵਿਚ ਕਿਰਾਇਆ ਵੀ ਆਮ ਹੋਵੇਗਾ। ਸੂਬੇ ਵਿਚ 375 ਇਲੈਕਟ੍ਰਿਕ ਬੱਸਾਂ ਖਰੀਦੀਆਂ ਜਾ ਚੁੱਕੀਆਂ ਹਨ ਜੋ ਕਿ ਪ੍ਰਦੂਸ਼ਣ ਫਰੀ ਹਨ। ਯਮੁਨਾਨਗਰ ਵਿਚ 50 ਇਲੈਕਟ੍ਰਿਕ ਬੱਸਾਂ ਭੇਜੀਆਂ ਜਾਣਗੀਆਂ।

ਟ੍ਰਾਂਸਪੋਰਟ ਮੰਤਰੀ ਨੇ ਦਸਿਆ ਕਿ ਮੌਜੂਦਾ ਸਰਕਾਰ ਦੇ ਕਾਰਜਕਲਾ ਵਿਚ ਹਰਿਆਣਾ ਰੋਡਵੇਜ ਦਾ ਯਾਤਰੀਆਂ ਦੇ ਪ੍ਰਤੀ ਭਰੋਸਾ ਵਧਿਆ ਹੈ। ਸੂਬੇ ਵਿਚ ਕਰੀਬ 4150 ਬੱਸਾਂ ਦਾ ਬੇੜਾ ਹੈ। ਉਨ੍ਹਾਂ ਨੇ ਕਿਹਾ ਕਿ ਕਰਮਚਾਰੀਆਂ ਦੀ ਕਮੀ ਨੂੰ ਪੂਰਾ ਕਰਨ ਲਈ ਹਰਿਆਣਾ ਸਰਕਾਰ ਵੱਲੋਂ ਰੋਡਵੇਜ ਵਿਚ 3500 ਡਰਾਈਵਰ ਤੇ ਕੰਡਕਟਰਾਂ ਦੀ ਭਰਤੀ ਅਤੇ ਇਸ ਤੋਂ ਇਲਾਵਾ 1500 ਭਰਤੀ ਐਚਕੇਆਰਐਨ ਦੇ ਤਹਿਤ ਕੀਤੀ ਗਈ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਰੋਡਵੇਜ ਵਿਚ ਰੋਜਾਨਾ ਕਰੀਬ 11 ਲੱਖ ਯਾਤਰੀ 11 ਲੱਖ ਕਿਲੋਮੀਟਰ ਦੀ ਯਾਤਰਾ ਕਰਦੇ ਹਨ।

ਟ੍ਰਾਂਸਪੋਰਟ ਵਿਭਾਗ ਦੇ ਪ੍ਰਧਾਨ ਸਕੱਤਰ ਸ੍ਰੀ ਨਵਦੀਪ ਸਿੰਘ ਵਿਰਕ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਦੇ ਮਾਰਗਦਰਸ਼ਨ ਵਿਚ ਅਤੇ ਟ੍ਰਾਂਸਪੋਰਟ ਮੰਤਰੀ ਸ੍ਰੀ ਮੂਲ ਚੰਦ ਸ਼ਰਮਾ ਦੇ ਯਤਨਾਂ ਨਾਲ ਟ੍ਰਾਂਸਪੋਰਟ ਵਿਭਾਗ ਲਗਾਤਾਰ ਅੱਗੇ ਵੱਧ ਰਿਹਾ ਹੈ। ਹਰਿਆਣਾ ਵਿਚ ਵੱਧਦੇ ਪ੍ਰਦੂਸ਼ਣ ਨੂੰ ਰੋਕਨ ਲਈ ਸਰਕਾਰ ਵੱਲੋਂ ਪ੍ਰਦੂਸ਼ਣ ਰਹਿਤ ਬੱਸਾਂ ਨੂੰ ਖਰੀਦਿਆ ਗਿਆ ਹੈ। ਪਹਿਲੇ ਪੜਾਅ ਵਿਚ ਪਾਣੀਪਤ, ਯਮੁਨਾਨਗਰ, ਪੰਚਕੂਲਾ, ਅੰਬਾਲਾ, ਕਰਨਾਲ, ਸੋਨੀਪਤ, ਰਿਵਾੜੀ, ਰੋਹਤਕ ਅਤੇ ਹਿਸਾਰ ਵਿਚ ਸਥਾਨਕ ਸਿਟੀ ਬੱਸ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਪਾਣੀਪਤ ਤੇ ਸਮੁਨਾਨਗਰ ਵਿਚ ਇਸ ਦੀ ਸ਼ੁਰੂਆਤ ਹੋ ਗਈ ਹੈ। ਹੋਰ ਜਿਲ੍ਹਿਆਂ ਵਿਚ ਜੂਨ ਤਕ ਸ਼ੁਰੂਆਤ ਕਰ ਦਿੱਤੀ ਜਾਵੇਗੀ। ਉਨ੍ਹਾਂ ਨੇ ਦਸਿਆ ਕਿ 115 ਕਰੋੜ ਦੀ ਲਾਗਤ ਨਾਲ ਸਾਰੇ 9 ਸ਼ਹਿਰਾਂ ਵਿਚ ਵੱਖ ਤੋਂ ਸਿਟੀ ਬੱਸ ਸੇਵਾ ਡਿਪੋ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਇੰਨ੍ਹਾਂ ਡਿਪੋ 'ਤੇ ਚਾਰਜਿੰਗ ਵਰਗੀ ਸਾਰੀ ਸਹੂਲਤਾਂ ਰਹਿਣਗੀਆਂ।

ਉਨ੍ਹਾਂ ਨੇ ਦਸਿਆ ਕਿ ਪਹਿਲੇ 7 ਦਿਨ ਇਹ ਬੱਸ ਸੇਵਾ ਨਗਰਵਾਸੀਆਂ ਦੇ ਲਈ ਫਰੀ ਹੋਵੇਗੀ ਜਿਸ ਦਾ ਐਲਾਨ ਮੁੱਖ ਮੰਤਰੀ ਨੇ ਪਾਣੀਪਤ ਵਿਚ ਕੀਤਾ ਸੀ। ਬੱਸ ਦਾ ਕਿਰਾਇਆ ਵੀ 10 ਰੁਪਏ ਤੋਂ 50 ਰੁਪਏ ਦੇ ਵਿਚ ਹੋਵੇਗਾ। ਯਮੁਨਾਨਗਰ ਵਿਚ 1 ਤੋਂ 5 ਕਿਲੋਮੀਟਰ ਦੇ ਲਈ 10 ਰੁਪਏ, 5 ਤੋਂ 8 ਕਿਲੋਮੀਟਰ ਲਈ 15 ਰੁਪਏ ਅਤੇ 8 ਤੋਂ 20 ਕਿਲੋਮੀਟਰ ਦੇ ਲਈ 20 ਰੁਪਏ ਕਿਰਾਇਆ ਚਾਰਜ ਕੀਤਾ ਜਾਵੇਗਾ।

ਖੱਟਰ ਨੇ ਈ-ਲਾਇਬ੍ਰੇਰੀ ਲਈ ਦਿੱਤਾ ਆਪਣਾ ਜੱਦੀ ਘਰ

ਚੰਡੀਗੜ੍ਹ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਅੱਜ ਰੋਹਤਕ ਦੇ ਪਿੰਡ ਬਨਿਯਾਨੀ ਵਿਖੇ ਸਥਿਤ ਜੱਦੀ ਘਰ ਨੂੰ ਪਿੰਡ ਤੇ ਸਮਾਜ ਦੀ ਭਲਾਈ ਲਈ ਦਾਨ ਕਰ ਦਿੱਤਾ। ਮੁੱਖ ਮੰਤਰੀ ਦਾ ਕਹਿਣਾ ਹੈ ਕਿ ਉਨ੍ਹਾਂ ਦੇ 200 ਗਜ਼ ਦੇ ਜੱਦੀ ਘਰ ਵਿੱਚ ਪਿੰਡ ਵਾਸੀਆਂ ਲਈ ਈ-ਲਾਇਬ੍ਰੇਰੀ ਬਣਾਈ ਜਾਵੇਗੀ ਜਦੋਂ ਕਿ ਈ-ਲਾਇਬ੍ਰੇਰੀ ਦੇ ਸੰਚਾਲਨ ਲਈ ਵਿਸ਼ੇਸ਼ ਕਮੇਟੀ ਦਾ ਗਠਨ ਕੀਤਾ ਜਾਵੇਗਾ।

ਸ੍ਰੀ ਖੱਟਰ ਅੱਜ ਰੋਹਤਕ ਤੋਂ ਭਿਵਾਨੀ ਜਾਂਦੇ ਸਮੇਂ ਆਪਣੇ ਜੱਦੀ ਪਿੰਡ ਬਨਿਯਾਨੀ ਪਹੁੰਚ ਗਏ ਜਿੱਥੇ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਸ੍ਰੀ ਖੱਟਰ ਨੇ ਆਪਣੇ ਪਰਿਵਾਰ ਤੇ ਬਚਪਨ ਦੀਆਂ ਯਾਦਾਂ ਤਾਜ਼ੀਆਂ ਕੀਤੀਆਂ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਆਪਣੇ ਜੱਦੀ ਘਰ ਤੇ ਨਾਲ ਲਗਦੇ ਚਚੇਰੇ ਭਰਾ ਦੇ ਘਰ ਨੂੰ ਵੀ ਪਿੰਡ ਵਿੱਚ ਈ-ਲਾਇਬ੍ਰੇਰੀ ਬਣਾਉਣ ਲਈ ਸੌਂਪ ਦਿੱਤਾ। ਉਨ੍ਹਾਂ ਕਿਹਾ ਕਿ ਲਾਇਬ੍ਰੇਰੀ ਵਿੱਚ ਕੰਪਿਊਟਰ ਤੋਂ ਇਲਾਵਾ ਕਿਤਾਬਾਂ ਉਪਲੱਬਧ ਕਰਵਾਈਆਂ ਜਾਣਗੀਆਂ। ਬਜ਼ੁਰਗਾਂ ਦੀ ਦਿਲਚਸਪੀ ਦੇ ਮੁਤਾਬਕ ਵੀ ਇੱਥੇ ਕਿਤਾਬਾਂ ਤੇ ਹੋਰ ਸਾਮਾਨ ਮੁਹੱਈਆ ਕਰਵਾਇਆ ਜਾਵੇਗਾ।

ਸ੍ਰੀ ਖੱਟਰ ਕਿਹਾ ਕਿ ਇਹ ਉਨ੍ਹਾਂ ਦਾ ਜੱਦੀ ਘਰ ਹੈ, ਜੋ ਕਿ ਉਨ੍ਹਾਂ ਦੇ ਮਾਤਾ-ਪਿਤਾ ਨੇ ਉਨ੍ਹਾਂ ਦੇ ਨਾਮ ਕੀਤਾ ਸੀ। ਉਨ੍ਹਾਂ ਕਿਹਾ ਕਿ ਇਸ ਘਰ ਦੀ ਸਹੀ ਵਰਤੋਂ ਹੋਣੀ ਚਾਹੀਦੀ ਹੈ। ਇਸੇ ਲਈ ਉੱਥੇ ਈ-ਲਾਇਬ੍ਰੇਰੀ ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਲਾਇਬ੍ਰੇਰੀ ਵਿੱਚ ਬੱਚੇ ਬੈਠ ਕੇ ਪੜ੍ਹ-ਲਿਖ ਸਕਣਗੇ ਅਤੇ ਆਪਣੇ ਸੁਨਹਿਰੇ ਭਵਿੱਖ ਦਾ ਨਿਰਮਾਣ ਕਰਨਗੇ। ਇਸ ਮੌਕੇ ਸ੍ਰੀ ਖੱਟਰ ਨੇ ਪਿੰਡ ਦੇ ਬੱਚਿਆਂ ਨੂੰ ਈ-ਲਾਇਬ੍ਰੇਰੀ ਦੀ ਵਰਤੋਂ ਕਰਕੇ ਪੜ੍ਹ ਲਿਖ ਕੇ ਕਾਮਯਾਬ ਹੋਣ ਦੀ ਅਪੀਲ ਕੀਤੀ।

ਛੋਟੇ ਕਿਸਾਨਾਂ ਤਹਿਤ ਸਹਿਕਾਰੀ ਫਾਰਮਿੰਗ ਨੂੰ ਦੇਣ ਪ੍ਰੋਤਸਾਹਨ : ਬਨਵਾਰੀ ਲਾਲ

ਚੰਡੀਗੜ੍ਹ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਸਹਿਕਾਰਤਾ ਮੰਤਰੀ ਡਾ. ਬਨਵਾਰੀ ਲਾਲ ਨੇ ਕਿਹਾ ਕਿ ਅਧਿਕਾਰੀ ਛੋਟੇ ਕਿਸਾਨਾਂ ਦੇ ਲਈ ਸਹਿਕਾਰੀ ਫਾਰਮਿੰਗ ਨੂੰ ਪ੍ਰੋਤਸਾਹਨ ਦੇਣ 'ਤੇ ਕੰਮ ਕਰਨ ਤਾਂ ਜੋ ਉਨ੍ਹਾਂ ਨੂੰ ਪ੍ਰੋਤਸਾਹਨ ਦਿੱਤਾ ਜਾ ਸਕੇ। ਇਸ ਤੋਂ ਇਲਾਵਾ, ਸਾਂਝੀ ਡੇਅਰੀ ਦੇ ਮਾਡਲ ਨੂੰ ਵੀ ਜਲਦੀ ਹੀ ਅਮਲੀਜਾਮਾ ਪਹਿਨਾਇਆ ਜਾਵੇ।

ਸਹਿਕਾਰਤਾ ਮੰਤਰੀ ਅੱਜ ਸਹਿਕਾਰੀ, ਹੈਫੇਡ, ਪੈਕਸ, ਡੇਅਰੀ ਵਿਕਾਸ ਦੇ ਅਧਿਕਾਰੀਆਂ ਦੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿਚ ਵਧੀਕ ਮੁੱਖ ਸਕੱਤਰ ਡਾ. ਵੀ ਰਾਜਾ ਸ਼ੇਖਰ ਵੁੰਡਰੂ, ਐਮਡੀ ਸਹਿਕਾਰੀ ਫੈਡਰੇਸ਼ਨ, ਸੰਜੈ ਜੂਨ, ਐਮਡੀ ਹੈਫੇਡ ਜੇ ਗਣੇਸ਼ਨ, ਆਰਸੀਐਸ ਰਾਜੇਸ਼ ਜੋਗਪਾਲ ਸਮੇਤ ਕਈ ਸੀਨੀਅਰ ਅਧਿਕਾਰੀ ਮੌਜੂਦ ਰਹੇ।

ਸਹਿਕਾਰਤਾ ਮੰਤਰੀ ਨੇ ਕਿਹਾ ਕਿ ਸਹਿਕਾਰੀ ਫਾਰਮਿੰਗ ਨਾਲ ਛੋਟੇ ਕਿਸਾਨ ਮਿਲ ਕੇ ਖੇਤੀ ਕਰਣਗੇ ਤਾਂ ਉਨ੍ਹਾਂ ਦੀ ਲਾਗਤ ਘੱਟ ਆਵੇਗੀ ਅਤੇ ਉਨ੍ਹਾਂ ਨੂੰ ਵੱਧ ਲਾਭ ਮਿਲੇਗਾ। ਇਸ ਤੋਂ ਇਲਾਵਾ, ਸਹਿਕਾਰੀ ਫੈਡਰੇਸ਼ਨ ਦੀ ਉਮਰ ਵਧਾਉਣ ਅਤੇ ਨੌਜੁਆਨਾਂ ਨੂੰ ਸਵੈਰੁਜਗਾਰ ਵੱਲੋਂ ਪ੍ਰੇਰਿਤ ਕਰਨ ਲਈ ਜਲਦੀ ਰਾਜ ਦੀ ਹਰ ਹਾਊਸਿੰਗ ਸੋਸਾਇਟੀ ਵਿਚ ਵੀਟਾ ਬੂਕ ਅਲਾਟ ਕੀਤੇ ਜਾਣਗੇ। ਇਹ ਕਾਰਜ ਆਰਡਬਲਿਯੂਏ ਦੇ ਸਹਿਯੋਗ ਨਾਲ ਪੂਰਾ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ 6 ਜਿਲ੍ਹਿਆਂ ਵਿਚ ਸਾਂਝੀ ਡੇਅਰੀ ਦੇ ਲਈ ਸਥਾਨਾਂ ਦਾ ਚੋਣ ਕੀਤਾ ਜਾ ਚੁੱਕਾ ਹੈ। ਇੰਨ੍ਹਾਂ ਦੇ ਲਈ 240 ਤੋਂ 280 ਪਸ਼ੂਆਂ ਦੇ ਲਈ ਮਾਡਲ ਤਿਆਰ ਕੀਤੇ ਗਏ ਹਨ ਅਤੇ ਉਨ੍ਹਾਂ ਨੂੰ ਜਲਦੀ ਹੀ ਸ਼ੁਰੂ ਕੀਤਾ ਜਾਵੇਗਾ।

ਉਨ੍ਹਾਂ ਨੇ ਦਸਿਆ ਕਿ 776 ਪੈਕਸ ਦੇ ਲਈ ਬਾਹੀਲਾਜ ਤਿਆਰ ਕਰ ਦਿੱਤੇ ਗਏ ਹਨ। ਇਸ ਤੋਂ ਇਲਾਵਾ, ਹਿਸਾਰ ਵਿਚ ਸੀਐਮ ਪੈਕਸ ਪੋਰਟਲ ਲਈ ਵੀ ਰਜਿਸਟਰਡ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ, ਪੰਚਕੂਲਾ ਚਰਖੀ ਦਾਦਰੀ ਤੇ ਨੂੰਹ ਵਿਚ ਵੇਅਰਹਾਊਸ ਕੇਂਦਰ ਬਨਾਉਣ ਲਈ ਕਾਰਜ ਕੀਤਾ ਜਾ ਰਿਹਾ ਹੈ ਤਾਂ ਜੋ ਸਹੀ ਦਰ 'ਤੇ ਵੇਅਰਹਾਊਸ ਦੀ ਸਹੂਲਤ ਮਿਲ ਸਕੇ। ਉਨ੍ਹਾਂ ਨੇ ਕਿਹਾ ਕਿ ਰਾਜ ਵਿਚ 592 ਕਿਸਾਨ ਸਮਰਿੱਧੀ ਕੇਂਦਰ ਸ਼ੁਰੂ ਕੀਤੇ ਜਾ ਚੁੱਕੇ ਹਨ ਬਾਕੀ ਬਨਾਉਣ ਦੀ ਪ੍ਰਕ੍ਰਿਆ ਜਾਰੀ ਹੈ।

ਸਹਿਕਾਰਤਾ ਮੰਤਰੀ ਨੇ ਕਿਹਾ ਕਿ ਸਹਿਕਾਰੀ ਖੇਤਰ ਲਈ 6 ਲੱਖ ਮੀਟ੍ਰਿਕ ਟਨ ਸਮਰੱਥਾ ਦੇ ਗੋਦਾਮ ਤਿਆਰ ਕੀਤੇ ਜਾ ਰਹੇ ਹਨ। ਇੰਨ੍ਹਾਂ 'ਤੇ 275 ਕਰੋੜ ਰੁਪਏ ਦੀ ਲਾਗਤ ਆਵੇਗੀ। ਇਸ ਤੋਂ ਇਲਾਵਾ, 19 ਗੋਦਾਮ ਏਆਈਐਮ ਦੀ ਸਹਾਇਤਾ ਨਾਲ ਤਿਆਰ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ, 7.6 ਕਰੋੜ ਰੁਪਏ ਦੀ ਲਾਗਤ ਨਾਲ ਰਾਦੌਰ ਵਿਚ ਹਲਦੀ ਪਲਾਂਟ ਲਗਾਇਆ ਗਿਆ ਹੈ। ਇਸ ਵਿਚ ਲੋਕਾਂ ਦੇ ਹਲਦੀ ਦਾ ਆਇਲ ਸਹੀ ਦਰ 'ਤੇ ਮਹੁਇਆ ਕਰਵਾਇਆ ਜਾਵੇਗਾ। ਉਨ੍ਹਾਂ ਨੇ ਦਸਿਆ ਕਿ ਜਾਟੂਸਾਨਾ ਵਿਚ 100 ਐਮਟੀ ਸਮਰੱਥਾ ਦਾ ਫਲੋਰ ਮਿੱਲ ਦਾ ਕਾਰਜ ਵੀ ਪੂਰਾ ਹੋ ਗਿਆ ਹੈ। ਇਸ 'ਤੇ 13.50 ਕਰੋੜ ਰੁਪਏ ਦੀ ਲਾਗਤ ਆਈ ਹੈ। ਡਾ. ਬਨਵਾਰੀ ਲਾਲ ਨੇ ਕਿਹਾ ਕਿ ਰੋਹਤਕ ਵਿਚ 179.75 ਕਰੋੜ ਰੁਪਏ ਦੀ ਲਾਗਤ ਵਿਚ ਮੇਗਾਫੂਡ ਪਾਰਕ ਬਣਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ, ਨਰਵਾਨਾ, ਮਾਨਕਪੁਰ ਤੇ ਬਾਵਲ ਵਿਚ ਪ੍ਰਾਈਮਰੀ ਪ੍ਰੋਸੇਸਿੰਗ ਸੈਂਟਰ ਵੀ ਬਣਾਏ ਜਾ ਰਹੇ ਹਨ। ਐਕਸਪਰਟ ਹਾਊਸ ਅਤੇ ਕੈਥਲ ਵਿਚ ਗ੍ਰਹਿ ਦੇ ਬੀਜ ਦਾ ਪਲਾਂਟ ਵੀ ਲਗਾਇਆ ਜਾ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ (ਅ) ਨੇ ਲੋਕ ਸਭਾ ਚੋਣਾਂ ਤਿਆਰੀ ਆਰੰਭੀਬੁਥ ਲੇਵਲ 'ਤੇ ਵਰਕਰਾਂ ਦੀ ਚੋਣ ਕਰਨ ਲਈ ਕਮੇਟੀ ਦਾ ਕੀਤਾ ਗਠਨ

ਸੰਗਰੂਰ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ ਮਾਨ) ਵੱਲੋਂ ਆਪਣੇ ਬਲਬੂਤੇ 'ਤੇ ਆਉਣ ਵਾਲੀਆ ਲੋਕ ਸਭਾ ਚੋਣਾਂ ਲੜਨ ਲਈ ਤਿਆਰੀ ਆਰੰਭ ਦਿੱਤੀ ਗਈ ਹੈ। ਅੱਜ ਕੌਲਾ ਪਾਰਕ ਵਿਖੇ ਸੰਗਰੂਰ ਵਿਖੇ ਸ਼ਹਿਰੀ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸ਼ਹਿਰ ਦੇ ਆਗੂਆ ਦੀ ਮੀਟਿੰਗ ਰੱਖੀ ਗਈ, ਜਿਸ ਵਿਚ ਹਲਕਾ ਸੰਗਰੂਰ ਦੇ ਜਥੇਬੰਦਕ ਸਕੱਤਰ ਗੁਰਨੈਬ ਸਿੰਘ ਰਾਮਪੁਰਾ ਨੇ ਵਿਸੇਸ਼ ਤੌਰ 'ਤੇ ਸਮੂਲੀਅਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸ਼ਹਿਰੀ ਪ੍ਰਧਾਨ ਸੁਖਵਿੰਦਰ ਸਿੰਘ ਨੇ ਕਿਹਾ ਕਿ ਪਬਲਿਕ ਹੁਣ ਕੰਮ ਨੂੰ ਦੇਖਕੇ ਨੁਮਾਇੰਦਿਆ ਨੂੰ ਚੁਣਦੀ ਹੈ। ਸ. ਸਿਮਰਨਜੀਤ ਸਿੰਘ ਮਾਨ ਦੀ ਪੰਜਾਬ ਪ੍ਰਤੀ ਸੋਚ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕੰਮ ਤੋਂ ਨਰਾਜ ਲੋਕ ਸਭਾ ਹਲਕਾ ਸੰਗਰੂਰ ਦੇ ਲੋਕਾਂ ਨੇ ਸ. ਸਿਮਰਨਜੀਤ ਸਿੰਘ ਮਾਨ ਨੂੰ ਪਾਰਲੀਮੈਂਟ ਵਿਚ ਭੇਜਿਆ। ਜਿਥੇ ਇਕੱਲੇ ਮੈਂਬਰ ਪਾਰਲੀਮੈਂਟ ਹੁੰਦਿਆ ਪੰਜਾਬ ਦੇ ਹਰ ਮੁੱਦੇ ਨੂੰ ਉਠਾਇਆ ਅਤੇ ਹਰ ਵਰਗ ਨੂੰ ਬਿਨਾਂ ਵਿਤਕਰਾ ਬਣਦੀ ਗ੍ਰਾਟ ਵੰਡੀ।

ਆਪਣੇ ਹਲਕੇ 'ਚ ਅੰਗਹੀਣਾ ਨੂੰ ਮੋਟਰਟ੍ਰਾਈਸਾਈਕਲਾਂ , ਕੰਨਾਂ ਦੀਆ ਮਸੀਨਾ ,ਲੋੜਵੰਦਾਂ ਨੂੰ ਘਰ ਲਈ ਗ੍ਰਾਂਟ, ਕੈਂਸਰ ਮਰੀਜਾ ਨੂੰ ਇਲਾਜ ਲਈ ਗ੍ਰਾਂਟ, ਪ੍ਰਧਾਨ ਮੰਤਰੀ ਯੋਜਨਾ 'ਚੋਂ ਸੜਕਾਂ, ਮਾਲੇਰਕੋਟਲਾ,ਬਰਨਾਲਾ, ਸੰਗਰੂਰ ਜਿ ?ਲਿਆਂ ਦੇ ਮੁਕੰਮਲ ਬਿਜਲੀ ਨਵੀਨੀਕਰਨ ਲਈ ਕਰੋੜਾਂ ਰੁਪਏ ਦਾ ਪ੍ਰੋਜੈਕਟ ਪਾਸ ਕਰਵਾਇਆ। ਹੁਣ ਤੱਕ ਦਾ ਸੰਗਰੂਰ ਤੋਂ ਪਹਿਲਾ ਐਮ ਪੀ ਹੈ ਜਿਸ ਨੇ ਬਿਨਾ ਬਿਤਕਰਾ ਸਭ ਤੋਂ ਵੱਧ ਗ੍ਰਾਂਟ ਵੰਡੀ। ਗਊਸ਼ਾਲਾਂ ਨੂੰ ਗ੍ਰਾਂਟਾ ਵੰਡਕੇ ਹਿੰਦੂ ਵੀਰਾ ਦਾ ਦਿਲ ਜਿੱਤਿਆ। ਉਹਨਾ ਵਰਕਰਾ ਨੂੰ ਹੁਣ ਤੋਂ ਹੀ ਲੋਕ ਸਭਾ ਲਈ ਤਿਆਰੀ ਕਰਨ ਲਈ ਪਬਲਿਕ ਨੂੰ ਨਾਲ ਜੋੜਨ ਦੀ ਬੇਨਤੀ ਕੀਤੀ। ਸ਼ਹਿਰ ਦੇ 29 ਵਾਰਡਾਂ ਲਈ ਬੁਥ ਲੇਵਲ 'ਤੇ ਵਰਕਰਾ ਦੀਆ ਲਿਸਟਾ ਬਣਾਉਣ ਲਈ ਕਮੇਟੀ ਦਾ ਗਠਨ ਵੀ ਕੀਤਾ। ਜਿਸ ਵਿਚ ਹਰਪ੍ਰੀਤ ਸਿੰਘ ਸ਼ਹਿਰੀ ਮੀਤ ਪ੍ਰਧਾਨ, ਬੀਬੀ ਹਰਪਾਲ ਕੌਰ, ਗੁਰਵਿੰਦਰ ਸਿੰਘ ਬੱਬੀ, ਗੁਰਪਾਲ ਸਿੰਘ, ਸਹਿਰੀ ਪ੍ਰਧਾਨ ਸੁਖਵਿੰਦਰ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ।

ਕਮੇਟੀ ਦੀ ਅਗਵਾਈ ਹਲਕਾ ਇੰਨਚਾਰਜ ਗੁਰਨੈਬ ਸਿੰਘ ਰਾਮਪੁਰਾ ਕਰਨਗੇ। ਇੱਕ ਹਫਤੇ ਵਿੱਚ ਸ਼ਹਿਰ ਦੇ ਹਰ ਬੁਥ ਤੋਂ 10 ਮੈਂਬਰਾਂ ਦੀ ਲਿਸਟ ਬਣਾਈ ਜਾਵੇਗੀ, ਜੋ ਲੋਕ ਸਭਾ ਲਈ ਸਹਿਰ ਸੰਗਰੂਰ ਨੂੰ ਪਾਰਟੀ ਵੱਲੋ ਕੀਤੇ ਕੰਮਾ ਬਾਰੇ ਜਾਗਰੂਕ ਕਰੇਗੀ। ਸ਼ਹਿਰੀ ਮੀਤ ਪ੍ਰਧਾਨ ਹਰਪ੍ਰੀਤ ਸਿੰਘ ਨੇ ਵਿਸਵਾਸ਼ ਦੁਆਇਆ ਕਿ ਸ ਸਿਮਰਨਜੀਤ ਸਿੰਘ ਮਾਨ ਦੀ ਸੋਚ ਹਰ ਘਰ ਤੱਕ ਪਹੁੰਚਾਈ ਜਾਵੇਗੀ ਅਤੇ ਸ਼ਹਿਰ ਸੰਗਰੂਰ 'ਚੋ ਵੱਧ ਤੋਂ ਵੱਧ ਵੋਟਾਂ

ਸੰਪਾਦਕੀ

ਮੇਅਰ ਦੀ ਚੋਣ

ਚੰਡੀਗੜ੍ਹ ਨਗਰ ਨਿਗਮ ਦੇ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀਆਂ ਮੰਗਲਵਾਰ ਨੂੰ ਹੋਈਆਂ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਦੇ ਗੱਠਜੋੜ ਦੀ ਹਾਲ-ਦੁਹਾਈ ਦੌਰਾਨ ਭਾਜਪਾ ਨੇ ਹੂੰਝਾ ਫੇਰੂ ਜਿੱਤ ਹਾਸਲ ਕਰਦਿਆਂ ਤਿੰਨਾਂ ਅਹੁਦਿਆਂ ਉਤੇ ਆਪਣਾ ਕਬਜ਼ਾ ਬਰਕਰਾਰ ਰੱਖਿਆ ਹੈ। ਦੋਵੇਂ ਗੱਠਜੋੜ ਭਾਈਵਾਲਾਂ 'ਆਪ' ਅਤੇ ਕਾਂਗਰਸ ਨੇ ਦੋਸ਼ ਲਾਇਆ ਕਿ ਪ੍ਰੀਜ਼ਾਈਡਿੰਗ ਅਫਸਰ ਨੇ ਭਾਜਪਾ ਨੂੰ ਨਾਜਾਇਜ਼ ਫ਼ਾਇਦਾ ਪਹੁੰਚਾਉਣ ਲਈ ਬੈਲਟ ਪੇਪਰਾਂ ਨਾਲ ਛੇੜਛਾੜ ਕੀਤੀ ਹੈ। ਮੇਅਰ ਦੇ ਅਹੁਦੇ ਲਈ ਭਾਜਪਾ ਦੇ ਉਮੀਦਵਾਰ ਮਨੋਜ ਸੋਨਕਰ ਨੂੰ 16 ਵੋਟਾਂ ਮਿਲੀਆਂ ਜੋ ਵਿਰੋਧੀ 'ਇੰਡੀਆ' ਗੱਠਜੋੜ ਦੇ ਉਮੀਦਵਾਰ ਕੁਲਦੀਪ ਕੁਮਾਰ ਟੀਟਾ ਦੀਆਂ ਵੋਟਾਂ ਤੋਂ ਚਾਰ ਵੱਧ ਹਨ। ਗ਼ੌਰਤਲਬ ਹੈ ਕਿ 8 ਵੋਟਾਂ ਨੂੰ ਅਯੋਗ ਕਰਾਰ ਦੇ ਦਿੱਤਾ ਗਿਆ।

ਅਯੋਗ ਕਰਾਰ ਦਿੱਤੀਆਂ ਗਈਆਂ ਵੋਟਾਂ ਦੀ ਮੁਕਾਬਲਤਨ ਵੱਡੀ ਗਿਣਤੀ ਕਈ ਤਰ੍ਹਾਂ ਦੇ ਸ਼ੱਕ-ਸ਼ੁਬਹੇ ਪੈਦਾ ਕਰਦੀ ਹੈ ਅਤੇ ਇਸ ਨੇ ਸਮੁੱਚੇ ਚੋਣ ਅਮਲ ਉਤੇ ਸਵਾਲੀਆ ਨਿਸ਼ਾਨ ਵੀ ਲਾ ਦਿੱਤਾ ਹੈ। ਜੇ ਚੋਣ ਪ੍ਰਕਿਰਿਆ ਵਿਚ ਵਧੇਰੇ ਪਾਰਦਰਸ਼ਤਾ ਅਪਣਾਈ ਜਾਂਦੀ ਤਾਂ ਅਜਿਹੀ ਅਣਸੁਖਾਵੀਂ ਹਾਲਤ ਪੈਦਾ ਹੋਣ ਤੋਂ ਰੋਕੀ ਜਾ ਸਕਦੀ ਸੀ, ਖ਼ਾਸਕਰ ਕਾਂਗਰਸ-ਆਪ ਦੇ ਇਨ੍ਹਾਂ ਦੋਸ਼ਾਂ ਨੂੰ ਦੇਖਦਿਆਂ ਕਿ ਉਨ੍ਹਾਂ ਦੇ ਏਜੰਟਾਂ ਨੂੰ ਬੈਲਟ ਪੇਪਰਾਂ ਦੀ ਜਾਂਚ ਨਹੀਂ ਕਰਨ ਦਿੱਤੀ ਗਈ। ਇਹ ਚੋਣ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀਆਂ ਹਦਾਇਤਾਂ ਉਤੇ ਕਰਵਾਈ ਗਈ ਸੀ ਕਿਉਂਕਿ ਮੂਲ ਰੂਪ ਵਿਚ 18 ਜਨਵਰੀ ਨੂੰ ਹੋਣ ਵਾਲੀ ਨਗਰ ਨਿਗਮ ਦੀ ਚੋਣ ਨੂੰ ਵਿਵਾਦਗ੍ਰਸਤ ਹਾਲਾਤ ਦੌਰਾਨ ਮੁਲਤਵੀ ਕਰ ਦਿੱਤਾ ਗਿਆ ਸੀ। ਉਸ ਦਿਨ ਪ੍ਰੀਜ਼ਾਈਡਿੰਗ ਅਫਸਰ ਕਥਿਤ ਤੌਰ 'ਤੇ ਬਿਮਾਰ ਹੋ ਗਏ ਸਨ। ਹਾਈ ਕੋਰਟ ਨੇ ਪ੍ਰਸ਼ਾਸਨ ਵੱਲੋਂ ਚੋਣਾਂ ਮੁਲਤਵੀ ਕੀਤੇ ਜਾਣ ਦੇ ਹੁਕਮਾਂ ਨੂੰ 'ਨਾਵਾਜਿਬ, ਅਨਿਆਂਪੂਰਨ ਅਤੇ ਆਪ ਹੁਦਰੇ' ਕਰਾਰ ਦੇ ਕੇ ਰੱਦ ਕਰ ਦਿੱਤਾ ਸੀ।

ਚੰਡੀਗੜ੍ਹ ਮੇਅਰ ਦੀ ਚੋਣ ਨੂੰ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਅਤੇ 'ਇੰਡੀਆ' ਗੱਠਜੋੜ ਦਰਮਿਆਨ ਆਖ਼ਿਰੀ ਵੱਡੇ ਮੁਕਾਬਲੇ ਵਜੋਂ ਦੇਖਿਆ ਜਾ ਰਿਹਾ ਸੀ। ਪੰਜਾਬ ਵਿਚ ਇਕ-ਦੂਜੀ ਦੇ ਖ਼ਿਲਾਫ਼ ਡਟੀਆਂ ਹੋਈਆਂ 'ਆਪ' ਅਤੇ ਕਾਂਗਰਸ ਨੇ ਚੰਡੀਗੜ੍ਹ ਵਿਚ ਭਾਜਪਾ ਦੀ ਜੇਤੂ ਮੁਹਿੰਮ ਠੱਲ੍ਹਣ ਲਈ ਆਪਸ ਵਿਚ ਹੱਥ ਮਿਲਾਏ ਸਨ। ਚੋਣਾਂ ਦੇ ਨਤੀਜਿਆਂ ਸਬੰਧੀ ਵਿਵਾਦ ਨੇ ਸਮੁੱਚੇ ਹਾਲਾਤ ਨੂੰ ਹੋਰ ਵੀ ਤਲਖ਼ ਬਣਾ ਦਿੱਤਾ ਹੈ ਅਤੇ ਪ੍ਰੀਜ਼ਾਈਡਿੰਗ ਅਫਸਰ ਤੱਕ ਦੀ ਭੂਮਿਕਾ ਡੂੰਘੀ ਘੋਖ ਦੇ ਘੇਰੇ ਵਿਚ ਆ ਗਈ ਹੈ। ਇਸ ਸਭ ਕਾਸੇ ਦੇ ਮੱਦੇਨਜ਼ਰ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਚੋਣਾਂ ਕਰਾਉਂਦੇ ਸਮੇਂ ਸਹੀ ਪ੍ਰਕਿਰਿਆ ਦਾ ਸਖ਼ਤੀ ਨਾਲ ਪਾਲਣ ਕੀਤਾ ਗਿਆ ਹੈ ਜਾਂ ਨਹੀਂ। ਕਿਸੇ ਵੀ ਸਿਆਸੀ ਪਾਰਟੀ ਵੱਲੋਂ ਗ਼ਲਤ ਅਤੇ ਲੁਕਵੇਂ ਢੰਗ-ਤਰੀਕਿਆਂ ਦਾ ਇਸਤੇਮਾਲ ਨਾ ਸਿਰਫ਼ ਬਰਾਬਰੀ ਦੇ ਮੌਕਿਆਂ ਨੂੰ ਹੀ ਅਸੰਭਵ ਬਣਾਉਂਦਾ ਹੈ ਸਗੋਂ ਇਹ ਜਮਹੂਰੀਅਤ ਦੀ ਮੂਲ ਭਾਵਨਾ ਦੇ ਵੀ ਖ਼ਿਲਾਫ਼ ਹੈ। ਚੋਣਾਂ ਦੀ ਰਾਜ਼ਦਾਰੀ ਦਾ ਸਤਿਕਾਰ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ ਪਰ ਇਸ ਦਾ ਅਪਾਰਦਰਸ਼ਤਾ ਨੂੰ ਹੁਲਾਰਾ ਦੇਣ ਲਈ ਗ਼ਲਤ ਇਸਤੇਮਾਲ ਵੀ ਨਹੀਂ ਹੋਣਾ ਚਾਹੀਦਾ।

ਨਿਆਂਇਕ ਸੁਧਾਰ

ਭਾਰਤ ਦੇ ਚੀਫ ਜਸਟਿਸ (ਸੀਜੇਆਈ) ਡੀਵਾਈ ਚੰਦਰਚੂੜ ਨੇ ਨਿਆਂ ਪਾਲਿਕਾ ਨੂੰ ਪ੍ਰਭਾਵਿਤ ਕਰਨ ਵਾਲੇ ਢਾਂਚਾਗਤ ਮੁੱਦਿਆਂ, ਜਿਵੇਂ ਕੇਸਾਂ ਦਾ ਲੰਮਾ ਸਮਾਂ ਲਟਕਦੇ ਰਹਿਣਾ, ਵੇਲਾ ਵਿਹਾਅ ਚੁੱਕੀਆਂ ਪ੍ਰਕਿਰਿਆਵਾਂ, ਸੁਣਵਾਈ ਟਾਲੇ ਜਾਣ ਦੀ ਕਵਾਇਦ ਆਦਿ ਵਰਗੇ ਮਾਮਲੇ ਹੱਲ ਕੀਤੇ ਜਾਣ ਦੀ ਲੋੜ ਉਤੇ ਜ਼ੋਰ ਦਿੱਤਾ ਹੈ। ਸੁਪਰੀਮ ਕੋਰਟ ਦੀ ਡਾਇਮੰਡ ਜੁਬਲੀ ਮਨਾਉਣ ਲਈ ਕੀਤੇ ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਪੇਸ਼ੇਵਰਾਨਾ ਸੱਭਿਆਚਾਰ ਵਿਕਸਿਤ ਕੀਤੇ ਜਾਣ ਦੀ ਲੋੜ ਉਤੇ ਵੀ ਖਾਸ ਜ਼ੋਰ ਦਿੱਤਾ। ਚੀਫ ਜਸਟਿਸ ਨੇ ਉਚੇਰੀਆਂ ਅਦਾਲਤਾਂ ਵਿਚ ਲੰਮੀਆਂ ਛੁੱਟੀਆਂ ਦੇ ਵਿਵਾਦ ਵਾਲਾ ਮੁੱਦਾ ਵੀ ਉਭਾਰਿਆ ਅਤੇ ਆਖਿਆ ਕਿ ਉਹ ਵਕੀਲਾਂ ਤੇ ਜੱਜਾਂ ਨਾਲ ਇਸ ਦੇ ਬਦਲਵੇਂ ਢੰਗ-ਤਰੀਕਿਆਂ ਜਿਵੇਂ ਲਚਕੀਲੀ ਕੰਮ-ਕਾਜੀ ਪ੍ਰਣਾਲੀ ਬਾਰੇ ਗੱਲਬਾਤ ਕਰਨ ਲਈ ਵੀ ਤਿਆਰ ਹਨ।

ਭਾਰਤ ਵਿਚ ਲਟਕਦੇ ਕੇਸਾਂ ਦੀ ਗਿਣਤੀ ਬੀਤੇ ਸਾਲ 5 ਕਰੋੜ ਦੇ ਅੰਕੜੇ ਨੂੰ ਪਾਰ ਕਰ ਗਈ। ਇਨ੍ਹਾਂ ਵਿਚ 4.40 ਕਰੋੜ ਕੇਸ ਜ਼ਿਲ੍ਹਾਅਤੇ ਤਹਿਸੀਲ ਪੱਧਰੀ ਅਦਾਲਤਾਂ ਅਤੇ ਤਕਰੀਬਨ 62 ਲੱਖ ਕੇਸ ਹਾਈ ਕੋਰਟਾਂ ਨਾਲ ਸਬੰਧਿਤ ਹਨ। ਨਿਆਂ ਪਾਲਿਕਾ ਕੋਲ ਮੁਕੱਦਮਿਆਂ ਦੇ ਇਸ ਭਾਰੀ ਬੋਝ ਨਾਲ ਨਜਿੱਠਣ ਲਈ ਮਹਿਜ਼ 21000 ਜੱਜ ਹਨ। ਜੱਜਾਂ ਦੀ ਨਾਕਾਫ਼ੀ ਕੰਮ-ਕਾਜੀ ਸਮਰੱਥਾ ਜੋ ਖ਼ਾਸਕਰ ਜ਼ਿਲ੍ਹਾ ਪੱਧਰ ਉਤੇ ਪ੍ਰਵਾਨਿਤ ਅਸਾਮੀਆਂ ਤੋਂ ਕਿਤੇ ਘੱਟ ਹੈ, ਕਾਰਨ ਕੇਸਾਂ ਦੇ ਨਿਬੇੜੇ ਅਤੇ ਆਮ ਨਾਗਰਿਕਾਂ ਨੂੰ ਵੇਲੇ ਸਿਰ ਇਨਸਾਫ਼ ਮਿਲਣ ਉਤੇ ਮਾੜਾ ਅਸਰ ਪੈਂਦਾ ਹੈ। ਸੀਜੇਆਈ ਨੇ ਠੀਕ ਹੀ ਕਿਹਾ ਹੈ ਕਿ ਜ਼ਿਲ੍ਹਾ ਪੱਧਰੀ ਅਦਾਲਤਾਂ ਆਮ ਨਾਗਰਿਕਾਂ ਲਈ ਰਾਬਤਾ ਕਰਨ ਦਾ ਪਹਿਲਾ ਟਿਕਾਣਾ ਹਨ ਜਿਸ ਕਾਰਨ ਇਨ੍ਹਾਂ ਦੇ ਕੰਮ-ਕਾਜ ਨੂੰ ਵਧੀਆ ਬਣਾਉਣ ਲਈ ਇਨ੍ਹਾਂ ਅੰਦਰ ਸੁਧਾਰ ਦੀ ਫੌਰੀ ਲੋੜ ਹੈ।

ਹੁਣ ਅਦਾਲਤੀ ਨਿਯੁਕਤੀਆਂ ਵਿਚ ਤੇਜ਼ੀ ਲਿਆਂਦੇ ਜਾਣ ਦੀ ਬਹੁਤ ਜ਼ਰੂਰਤ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਦਾਲਤਾਂ ਵਿਚ ਕੇਸ ਲਗਾਤਾਰ ਜਮ੍ਹਾਂ ਨਾ ਹੋਣ। ਦਹਾਕਾ ਪਹਿਲਾਂ ਇਸ ਸਬੰਧ ਵਿਚ ਕੌਮੀ ਅਦਾਲਤੀ ਨਿਯੁਕਤੀਆਂ ਕਮਿਸ਼ਨ (National Judicial Appointments Commission-NJAC) ਐਕਟ ਲਾਗੂ ਕੀਤਾ ਗਿਆ ਸੀ। ਇਸ ਐਕਟ ਵਿਚ ਭਾਰਤ ਦੇ ਚੀਫ ਜਸਟਿਸ ਤੇ ਸੁਪਰੀਮ ਕੋਰਟ ਦੇ ਹੋਰ ਜੱਜਾਂ ਅਤੇ ਇਸੇ ਤਰ੍ਹਾਂ ਹਾਈ ਕੋਰਟਾਂ ਦੇ ਚੀਫ ਜਸਟਿਸ ਤੇ ਹੋਰਨਾਂ ਜੱਜਾਂ ਦੀਆਂ ਨਿਯੁਕਤੀਆਂ ਲਈ ਸਿਫ਼ਾਰਸ਼ ਦੇਣ ਵਾਸਤੇ ਐਨਜੇਏਸੀ ਵੱਲੋਂ ਅਪਣਾਇਆ ਜਾਣ ਵਾਲਾ ਅਮਲ ਤੈਅ ਕੀਤਾ ਗਿਆ ਸੀ ਪਰ ਸੁਪਰੀਮ ਕੋਰਟ ਨੇ 2015 ਵਿਚ ਇਸ ਐਕਟ ਨੂੰ 'ਗ਼ੈਰ-ਸੰਵਿਧਾਨਿਕ' ਕਰਾਰ ਦਿੰਦਿਆਂ ਖ਼ਾਰਜ ਕਰ ਦਿੱਤਾ ਸੀ ਅਤੇ ਕੌਲਿਜੀਅਮ/ਜੱਜ ਚੋਣ ਮੰਡਲ ਵਾਲੀ ਪ੍ਰਣਾਲੀ ਹੀ ਬਹਾਲ ਕਰ ਦਿੱਤੀ ਸੀ। ਐਨਜੇਏਸੀ ਮੌਜੂਦਾ ਪ੍ਰਣਾਲੀ ਦੇ ਮੁਕਾਬਲੇ ਵਿਹਾਰਕ ਅਤੇ ਸੰਭਵ ਤੌਰ 'ਤੇ ਵਧੇਰੇ ਪਾਰਦਰਸ਼ਤਾ ਵਾਲਾ ਬਦਲ ਹੋ ਸਕਦਾ ਹੈ ਬਸ਼ਰਤੇ ਕਾਰਜ ਪਾਲਿਕਾ ਅਤੇ ਨਿਆਂ ਪਾਲਿਕਾ ਦਰਮਿਆਨ ਹਾਲਾਤ ਬਾਰੇ ਇਕੋ ਜਿਹੀ ਸਮਝ ਅਤੇ ਸਹਿਮਤੀ ਹੋਵੇ; ਜਿਵੇਂ ਮੁਲਕ ਦੀ ਰਾਸ਼ਟਰਪਤੀ ਦਰੌਪਦੀ ਮੁਰਮੂ ਨੇ ਕੁਝ ਮਹੀਨੇ ਪਹਿਲਾਂ ਕੁੱਲ ਹਿੰਦ ਅਦਾਲਤੀ ਸੇਵਾ (All India Judicial Service) ਦੀ ਤਜਵੀਜ਼ ਦੀ ਹਮਾਇਤ ਕੀਤੀ ਸੀ, ਇਸੇ ਤਰ੍ਹਾਂ ਇਹ ਸਹੀ ਵੇਲਾ ਹੈ ਕਿ ਐਨਜੇਏਸੀ ਬਾਰੇ ਬਹਿਸ ਮੁੜ-ਸੁਰਜੀਤ ਕੀਤੀ ਜਾਵੇ ਅਤੇ ਇਸ ਮਾਮਲੇ ਉਤੇ ਨਵੇਂ ਸਿਰਿਉਂ ਗ਼ੌਰ ਕੀਤੀ ਜਾਵੇ। ਮੁੱਖ ਮਸਲਾ ਤਾਂ ਲੈ-ਦੇ ਕੇ ਇਹੀ ਹੈ ਕਿ ਆਮ ਲੋਕਾਂ ਨੂੰ ਬਿਨਾਂ ਖੱਜਲ-ਖੁਆਰੀ ਦੇ ਅਤੇ ਜਲਦੀ ਇਨਸਾਫ਼ ਮਿਲੇ।

ਪਰੀਖਿਆ ਤਣਾਅ ਮੁਕਤ ਹੋਣਾ: ਵਿਦਿਆਰਥੀਆਂ ਦੀ ਸਰੀਰਕ ਸਿਹਤ ਅਤੇ ਮਾਨਸਿਕ ਤੰਦਰੁਸਤੀ ਨੂੰ ਸੰਤੁਲਿਤ ਰੱਖਣਾ

ਧਰਮੇਂਦਰ ਪ੍ਰਧਾਨ
ਕੇਂਦਰੀ ਸਿੱਖਿਆ ਮੰਤਰੀ

ਵਿਦਿਆਰਥੀਆਂ ਨੂੰ ਅਕਾਦਮਿਕ ਉੱਤਕ੍ਰਿਸ਼ਟਤਾ ਪ੍ਰਾਪਤ ਕਰਨ ਅਤੇ ਸਖ਼ਤ ਮੁਕਾਬਲੇ ਵਾਲੇ ਮਾਹੌਲ ਵਿੱਚ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਕਾਇਮ ਰੱਖਣ ਦੇ ਦਰਮਿਆਨ ਇੱਕ ਨਾਜ਼ੁਕ ਸੰਤੁਲਨ ਬਣਾਉਣ ਲਈ ਅਕਸਰ ਇੱਕ ਗੰਭੀਰ ਚੁਣੌਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਸੰਤੁਲਨ ਵਿਸ਼ੇਸ਼ ਤੌਰ 'ਤੇ ਪਰੀਖਿਆ ਦੇ ਸਮੇਂ ਦੌਰਾਨ ਮਹੱਤਵਪੂਰਨ ਬਣ ਜਾਂਦਾ ਹੈ ਜਦੋਂ ਵਿਦਿਆਰਥੀਆਂ ਨੂੰ ਅਕਾਦਮਿਕ ਦਬਾਅ ਅਤੇ ਪ੍ਰਦਰਸ਼ਨ ਸੰਬੰਧੀ ਚਿੰਤਾ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸਦਾ ਉਨ੍ਹਾਂ ਦੀ ਮਾਨਸਿਕ ਸਿਹਤ ਅਤੇ ਸਮੁੱਚੀ ਤੰਦਰੁਸਤੀ 'ਤੇ ਗਹਿਰਾ ਪ੍ਰਭਾਵ ਪੈਂਦਾ ਹੈ। ਪਰੀਖਿਆ ਦੀ ਤਿਆਰੀ, ਬਿਨਾਂ ਸ਼ੱਕ, ਮਹੱਤਵਪੂਰਨ ਹੈ। ਪਰ ਇਸ ਤੋਂ ਵੀ ਬਹੁਤ ਜ਼ਰੂਰੀ ਅਧਿਐਨ ਅਤੇ ਸਵਸਥ ਜੀਵਨ ਦੇ ਦਰਮਿਆਨ ਇੱਕ ਉੱਚਿਤ ਸੰਤੁਲਨ ਬਣਾਈ ਰੱਖਣਾ ਹੈ।

ਅੱਜ, ਪਰੀਖਿਆ 'ਪ੍ਰਦਰਸ਼ਨ' ਵਿਦਿਆਰਥੀਆਂ ਦੀ ਸਮੁੱਚੀ ਮਾਨਸਿਕ ਬਣਤਰ ਵਿੱਚ ਇੰਨਾ ਕੇਂਦਰਿਤ ਹੈ ਕਿ ਉਨ੍ਹਾਂ ਨੂੰ ਅਕਾਦਮਿਕ ਨਤੀਜਿਆਂ ਤੋਂ ਇਲਾਵਾ ਕੁਝ ਵੀ ਦਿਖਾਈ ਨਹੀਂ ਦਿੰਦਾ। ਇਹ ਜ਼ਬਰਦਸਤ ਧਾਰਨਾ ਸਾਡੇ ਵਿਦਿਆਰਥੀਆਂ ਨੂੰ ਖਾ ਜਾਂਦੀ ਹੈ ਅਤੇ ਉਨ੍ਹਾਂ ਦੀ ਰਚਨਾਤਮਕਤਾ ਅਤੇ ਪ੍ਰਤਿਭਾ ਨੂੰ ਦਬਾ ਦਿੰਦੀ ਹੈ। ਅਸੀਂ ਸਾਰੇ ਬਹੁਤ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਹਰ ਬੱਚਾ ਵਿਲੱਖਣ ਤੌਰ 'ਤੇ ਸੰਪੰਨ ਹੁੰਦਾ ਹੈ ਅਤੇ ਸਾਰੇ ਅਕਾਦਮਿਕ ਤੌਰ 'ਤੇ ਉੱਤਕ੍ਰਿਸ਼ਟ ਨਹੀਂ ਹੋ ਸਕਦੇ।

ਅਸੀਂ ਪਰੀਖਿਆ ਦੇ ਨਤੀਜਿਆਂ ਦੇ ਪ੍ਰਿਜ਼ਮ ਰਾਹੀਂ ਬੱਚੇ ਦੀ ਪ੍ਰਤਿਭਾ ਦਾ ਅੰਦਾਜ਼ਾ ਨਹੀਂ ਲਗਾ ਸਕਦੇ। ਪਰੀਖਿਆ ਦੇ ਨਤੀਜੇ ਵਿਦਿਆਰਥੀ ਦੇ ਜੀਵਨ ਵਿੱਚ ਸਫਲਤਾ ਦਾ ਮਾਪਦੰਡ ਨਹੀਂ ਹੋਣੇ ਚਾਹੀਦੇ। ਸਾਨੂੰ ਸਾਰਿਆਂ ਨੂੰ - ਮਾਤਾ-ਪਿਤਾ, ਅਧਿਆਪਕਾਂ, ਦੋਸਤਾਂ ਅਤੇ ਪਰਿਵਾਰ ਨੂੰ - ਬੱਚੇ ਨੂੰ ਉਸ ਦੀ ਪੂਰੀ ਸਮਰੱਥਾ ਦਾ ਅਹਿਸਾਸ ਕਰਨ ਲਈ ਇੱਕ ਅਨੁਕੂਲ ਮਾਹੌਲ ਪ੍ਰਦਾਨ ਕਰਨ ਲਈ ਮਿਲ ਕੇ ਅਤੇ ਇੱਕਠੇ ਕੰਮ ਕਰਨਾ ਚਾਹੀਦਾ ਹੈ। ਪਰੀਖਿਆ ਵਿਚ ਪ੍ਰਦਰਸ਼ਨ ਨਾ ਸਿਰਫ਼ ਅੰਦਰੂਨੀ ਪ੍ਰਤਿਭਾ 'ਤੇ ਨਿਰਭਰ ਕਰਦਾ ਹੈ, ਬਲਕਿ ਸਵਸਥ ਸਰੀਰ ਅਤੇ ਚੁਸਤ ਦਿਮਾਗ ਜਿਹੀਆਂ ਬਹੁਤ ਸਾਰੀਆਂ ਚੀਜ਼ਾਂ 'ਤੇ ਵੀ ਨਿਰਭਰ ਕਰਦਾ ਹੈ, ਜੋ ਸਰੀਰਕ ਸਹਿਣਸ਼ਕਤੀ ਨੂੰ ਵਧਾਉਂਦਾ ਹੈ ਅਤੇ ਦਿਮਾਗ ਦੇ ਫੋਕਸ ਨੂੰ ਤਿੱਖਾ ਕਰਦਾ ਹੈ।

ਵਿਦਿਆਰਥੀ ਅਕਾਦਮਿਕ ਤੌਰ 'ਤੇ ਉੱਤਕ੍ਰਿਸ਼ਟ ਹੋਣ ਲਈ ਪਰਿਵਾਰ, ਅਧਿਆਪਕਾਂ ਅਤੇ ਸਮਾਜ ਤੋਂ ਉਮੀਦਾਂ ਦਾ ਬੋਝ ਝੱਲਦੇ ਹਨ। ਇਸ ਨਾਲ ਅਣਸੁਖਾਵੀਂ ਸਥਿਤੀ ਪੈਦਾ ਹੋ ਜਾਂਦੀ ਹੈ ਜਿਸ ਨਾਲ ਉਹ ਮਾਨਸਿਕ ਤੌਰ 'ਤੇ ਕਮਜ਼ੋਰ ਅਤੇ ਸਰੀਰਕ ਤੌਰ 'ਤੇ ਥੱਕ ਜਾਂਦੇ ਹਨ। ਕਈ ਵਾਰ, ਉਹ ਥਕਾਵਟ ਦੇ ਕਾਰਨ ਊਰਜਾ ਗੁਆ ਦਿੰਦੇ ਹਨ ਅਤੇ ਇਸ ਨਾਲ ਉਨ੍ਹਾਂ ਦੀ ਸਿਹਤ ਅਤੇ ਤੰਦਰੁਸਤੀ ਪ੍ਰਭਾਵਿਤ ਹੁੰਦੀ ਹੈ। ਬਹੁਤ ਜ਼ਿਆਦਾ ਤਣਾਅ ਨੂੰ ਮਾਨਸਿਕ ਸਿਹਤ ਸਮੱਸਿਆਵਾਂ ਜਿਵੇਂ ਚਿੰਤਾ, ਉਦਾਸੀ ਅਤੇ ਨੀਂਦ ਵਿਕਾਰ ਦੇ ਜੋਖਮ ਨੂੰ ਵਧਾਉਣ ਦਾ ਕਾਰਕ ਮੰਨਿਆ ਗਿਆ ਹੈ। ਇਸ ਲਈ, ਮਾਨਸਿਕ ਤੰਦਰੁਸਤੀ ਦਾ ਪੋਸ਼ਣ ਜ਼ਰੂਰੀ ਹੈ। ਇਨ੍ਹਾਂ ਚੁਣੌਤੀਆਂ ਨੂੰ ਪਾਰ ਕਰਨ ਲਈ, ਵਿਦਿਆਰਥੀਆਂ ਨੂੰ ਹਮੇਸ਼ਾ ਸਕਾਰਾਤਮਕ ਰਹਿਣਾ ਚਾਹੀਦਾ ਹੈ, ਇਕਾਗਰਤਾ ਦੇ ਪੱਧਰ ਨੂੰ ਵਧਾਉਣ ਲਈ ਕਸਰਤ, ਧਿਆਨ ਅਤੇ ਗਹਿਰੇ-ਲੰਬੇ ਸਾਹ ਲੈਣੇ ਚਾਹੀਦੇ ਹਨ ਅਤੇ ਆਪਣੀ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ, ਇੱਕ ਚੰਗੀ ਤਰ੍ਹਾਂ ਸੰਗਠਿਤ ਅਧਿਐਨ ਰੁਟੀਨ ਸਥਾਪਿਤ ਕਰਨੀ ਚਾਹੀਦੀ ਹੈ, ਕਾਰਜਾਂ ਨੂੰ ਪ੍ਰਬੰਧਨਯੋਗ ਹਿੱਸਿਆਂ ਵਿੱਚ ਵੰਡਣਾ ਚਾਹੀਦਾ ਹੈ, ਅਤੇ ਯਥਾਰਥਵਾਦੀ ਅਕਾਦਮਿਕ ਲਕਸ਼ ਸੈੱਟ ਕਰਨਾ ਚਾਹੀਦਾ ਹੈ। ਕਾਉਂਸਲਿੰਗ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰਨਾ ਅਤੇ ਮਾਨਸਿਕ ਸਿਹਤ ਬਾਰੇ ਖੁੱਲ੍ਹਾ ਸੰਚਾਰ ਵੀ ਚਿੰਤਾ ਜਾਂ ਹੋਰ ਮਾਨਸਿਕ ਸਿਹਤ ਸੰਬੰਧੀ ਚਿੰਤਾਵਾਂ ਨਾਲ ਜੂਝ ਰਹੇ ਲੋਕਾਂ ਲਈ ਸਹਾਇਕ ਮਾਹੌਲ ਪੈਦਾ ਕਰਦਾ ਹੈ।

ਪਰੀਖਿਆ ਦੇ ਦੌਰਾਨ ਵਿਦਿਆਰਥੀਆਂ ਦੀ ਸਰੀਰਕ ਸਿਹਤ ਅਤੇ ਮਾਨਸਿਕ ਤੰਦਰੁਸਤੀ ਨੂੰ ਕਿਵੇਂ ਬਰਕਰਾਰ ਰੱਖਿਆ ਜਾ ਸਕਦਾ ਹੈ, ਇਸ ਬਾਰੇ ਹੇਠਾਂ ਦਿੱਤੇ ਵਿਆਪਕ ਤਰੀਕਿਆਂ ਨੂੰ ਨੋਟ ਕਰਨਾ ਬਿਹਤਰ ਹੋਵੇਗਾ:

ਛੋਟੇ ਬ੍ਰੇਕ ਅਤੇ ਸਰੀਰਕ ਗਤੀਵਿਧੀ: ਸਰੀਰਕ ਤੰਦਰੁਸਤੀ ਸਾਡੀ ਸਮੁੱਚੀ ਤੰਦਰੁਸਤੀ ਅਤੇ ਚੁਸਤੀ ਨੂੰ ਬਣਾਈ ਰੱਖਣ ਦੇ ਬੁਨਿਆਦੀ ਤੱਤਾਂ ਵਿੱਚੋਂ ਇੱਕ ਹੈ। ਨਿਯਮਿਤ ਕਸਰਤ ਨਾ ਸਿਰਫ ਕਾਰਡੀਓਵੈਸਕੁਲਰ ਸਿਹਤ ਨੂੰ ਸੁਧਾਰਦੀ ਹੈ ਬਲਕਿ ਸਟ੍ਰੈਸ-ਬਸਟਰ ਵਜੋਂ ਵੀ ਕੰਮ ਕਰਦੀ ਹੈ। ਇਹ ਬੋਧਾਤਮਕ ਫੰਕਸ਼ਨ ਅਤੇ ਜਾਣਕਾਰੀ ਨੂੰ ਯਾਦ ਰੱਖਣ ਦੀ ਸਮਰੱਥਾ ਨੂੰ ਵਧਾਉਂਦੀ ਹੈ, ਇਹ ਦੋਵੇਂ ਪਰੀਖਿਆ ਪ੍ਰਦਰਸ਼ਨ ਨੂੰ ਵਧਾਉਣ ਲਈ ਮਹੱਤਵਪੂਰਨ ਹਨ। ਪਰੀਖਿਆ ਦੀ ਤਿਆਰੀ ਕਰਦੇ ਸਮੇਂ ਵਿਦਿਆਰਥੀ ਹਮੇਸ਼ਾ ਆਪਣੀ ਸਿਹਤ ਨਾਲੋਂ ਆਪਣੀ ਪੜ੍ਹਾਈ ਨੂੰ ਪਹਿਲ ਦਿੰਦੇ ਹਨ। ਸਾਨੂੰ ਉਨ੍ਹਾਂ ਨੂੰ ਕੁਝ ਕਿਸਮ ਦੀਆਂ ਸਰੀਰਕ ਗਤੀਵਿਧੀਆਂ ਨੂੰ ਸ਼ਾਮਲ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਜਿਵੇਂ ਕਿ ਸਟ੍ਰੈਚਿੰਗ, ਸੈਰ ਕਰਨਾ, ਜੌਗਿੰਗ ਜਾਂ ਯੋਗ ਜੋ ਤਣਾਅ ਨੂੰ ਕਾਫੀ ਹੱਦ ਤੱਕ ਘਟਾ ਸਕਦੇ ਹਨ, ਜਿਸ ਨਾਲ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਦਿਮਾਗ਼ ਨੂੰ ਰੀਚਾਰਜ ਕਰਨ ਵਿੱਚ ਮਦਦ ਮਿਲਦੀ ਹੈ।

ਸੰਤੁਲਿਤ ਖੁਰਾਕ ਅਤੇ ਪੋਸ਼ਣ: ਸਖ਼ਤ ਅਧਿਐਨ ਦੀਆਂ ਜ਼ਰੂਰਤਾਂ ਨਾਲ ਨਜਿੱਠਣ ਅਤੇ ਸਵਸਥ ਰਹਿਣ ਵਿੱਚ ਪੋਸ਼ਣ ਮਹੱਤਵਪੂਰਨ

ਪੇਂਡੂ ਸਮਾਜ ਤੇ ਥੁੜ੍ਹੀ-ਟੁੱਟੀ ਕਿਸਾਨੀ ਦਾ ਚਿਤੇਰਾ

ਰਾਮ ਸਰੂਪ ਅਣਖੀ

• ਦਰਸ਼ਨ ਜੋਗਾ
98720-01856

ਅਣਖੀ ਦਾ ਮਿਲਣ ਵਾਲਿਆਂ ਨਾਲ ਆਪੋ-ਆਪਣਾ ਰਿਸ਼ਤਾ ਸੀ। ਤੇਹ ਮੇਰੇ ਬਾਪ ਸਮਾਨ, ਮੇਰਾ ਪਸੰਦੀਦਾ ਲੇਖਕ ਅਤੇ ਇਸ ਤੋਂ ਅੱਗੇ ਕਹਾਂ ਵਧੀਆ ਮਿੱਤਰ ਵੀ। ਉਨ੍ਹਾਂ ਦੇ ਅਥਾਹ ਦੁੱਖਾਂ-ਔਖਾਂ ਤੀ ਅੱਖੀਂ ਵੇਖੀ ਕਹਾਣੀ ਦੀ ਰੀਲ ਮੇਰੇ ਜ਼ਹਨ ਵਿਚ ਘੁੰਮ ਰਹੀ ਹੈ। ਸਦਾ ਅਡੋਲ ਰਹਿਣ ਵਾਲੇ ਇਸ ਸਾਦੇ ਸੁਭਾਅ ਦੇ ਮਨੁੱਖ ਨੂੰ ਮੈਂ ਬਚਪਨ ਤੋਂ ਵੇਖਦਾ ਰਿਹਾਂ।

ਮੈਂ ਚੌਥੀ-ਪੰਜਵੀਂ 'ਚ ਪੜ੍ਹਦਾ ਆਪਣੀ ਭੂਆ ਕੋਲ ਧੌਲੇ ਜਾਂਦਾ। ਭੂਆ ਅੰਤਾਂ ਦਾ ਮੋਹ ਕਰਦੀ। ਫੁੱਫੜ ਹਰੇ ਰੰਗ ਦਾ ਸਾਈਕਲ ਲੈ ਕੇ ਆਥਣੇ ਘਰੇ ਆਉਂਦਾ ਚੁੱਪ-ਚਾਪ ਜਿਹਾ। ਮੋਟੀ ਲਟੈਣ ਵਾਲੀ ਕੜੀਆਂ ਸਿਰਕੀ ਦੀ ਛੱਤ ਵਾਲੀ ਸਬਾਤ 'ਚ ਉਸ ਦਾ ਸਾਫ਼ ਵਿਛੀ ਚਾਦਰ ਵਾਲਾ ਮੰਜਾ ਡਿਹਾ ਹੁੰਦਾ। ਗੋਲ ਸਰੀਆਂ ਵਾਲੀ ਤਾਕੀ ਕੋਲ ਲੱਕੜ ਦੇ ਉੱਚਾ ਮੇਜ ਕੁਰਸੀ ਲਏ ਹੁੰਦੇ। ਉਸ 'ਤੇ ਬੈਠ ਕੇ ਉਹ ਕੁਝ ਲੇਖਦੇ ਪੜ੍ਹਦੇ ਰਹਿੰਦੇ। ਪਹਿਲਾਂ-ਪਹਿਲ ਬਾਲ ਸੰਦੇਸ਼, ਸੱਤਵੀਂ-ਅੱਠਵੀਂ 'ਚ ਪ੍ਰਤੀਲੜੀ ਫੁੱਫੜ ਦੇ ਖ਼ਜ਼ਾਨੇ 'ਚੋਂ ਪੜ੍ਹਨ ਨੂੰ ਮਿਲੇ। ਕੁਦਰਤ ਦੀ ਕਰੋਪੀ ਭੂਆ ਦਾ ਮੁਰਾਦ ਬਿਮਾਰੀ ਨਾਲ ਜੂਝਦੀ ਮੁੰਡੀਆਂ ਦੀ ਮੁੱਠੀ ਬਣਕੇ ਸਭ ਤੋਂ ਦੂਰ ਚਲੀ ਗਈ।

ਫੁੱਫੜ ਨੇ ਕਰਾਂਤੀਪਾਲ ਨੂੰ ਜਿਵੇਂ ਪਾਲਿਆ ਪੜ੍ਹਾਇਆ ਯਾਦ ਕਰਕੇ ਨੂਣ ਵੀ ਲੂੰਅ ਕੰਡੇ ਖੜ੍ਹੇ ਹੁੰਦੇ ਨੇ। ਸਮੇਂ ਦੀ ਚਾਲ ਵੀ ਸਦਾ ਇੱਕੋ ਜਿਹੀ ਨਹੀਂ ਰਹਿੰਦੀ। ਦੂਜੀ ਭੂਆ ਸ਼ੋਭਾ ਨੇ ਆ ਕੇ ਘਰ ਨੂੰ ਸੰਭਾਲਿਆ। ਦਿਨ ਸੋਖੇ ਤਾਂ ਨੀ ਪਰ ਕੁਝ ਫਿਰਨ ਲੱਗੇ। ਉਹ ਹਮੇਸ਼ਾ ਨਵੇਂ ਖ਼ਿਆਲਾਂ ਨਾਲ ਲਬਰੇਜ਼ ਰਿਹਾ। ਜ਼ਿੰਦਗੀ ਨੂੰ ਵਧੀਆ ਜਿਊਣ ਦਾ ਉਸ ਨੂੰ ਹਰ ਪਲ ਚਾਅ ਰਹਿੰਦਾ ਸੀ। ਮੇਰੇ ਵਿਆਹ ਤੋਂ ਪਹਿਲੇ ਜੋਗੇ ਆਇਆ, ਜੰਞ ਚੜ੍ਹਨ ਤੋਂ ਪਹਿਲੀ ਰਾਤ ਘਰੇ ਬੈਠਾ ਸੀ। ਮੇਰੇ ਕੁਝ ਦੋਸਤ ਅਸੀਂ ਪਰ੍ਹੇ ਗੁਆਂਢੀਆਂ ਦੀ ਬੈਠਕ 'ਚ ਜਸ਼ਨ ਮਨਾ ਰਹੇ ਸਾਂ। ਵਾਹਵਾ ਰਾਤ ਹੋ ਗਈ ਸੀ। ਯਾਰ ਮਿੱਤਰ ਵੀ ਹਵਾ ਹੋ ਗਏ ਸਨ। ਬਾਹਰ ਗਲੀ 'ਚ ਨਿਕਲ ਇਕ ਦੂਜੇ ਨੂੰ ਜੱਫ਼ੀਆਂ ਪਾਈ, ਮੈਂ ਤੇਰਾ ਬਾਈ, ਤੂੰ ਮੇਰਾ ਬਾਈ ਕਹਿ ਰਹੇ ਸੀ। ਘਰੋਂ ਨਿਕਲ ਕੇ ਸਾਡੇ ਬੰਨੀ ਤੁਰੇ ਆਉਂਦੇ ਭੂਆ-ਫੁੱਫੜ ਨੂੰ ਵੇਖ ਕੇ ਮੈਂ ਉਨ੍ਹਾਂ ਮਿੱਤਰਾਂ ਨੂੰ ਚੁੱਪ ਕਰਨ ਲਈ ਕਿਹਾ। ਸਾਰੇ ਚੁੱਪ ਹੋ ਗਏ। ਫੁੱਫੜ ਨੇ ਸਾਡੇ ਕਿਸੇ ਨੇੜਲੇ ਜਾਣਕਾਰ ਦੇ ਘਰ ਜਾ ਕੇ ਸੌਣਾ ਸੀ। ਲੰਘਦਿਆਂ ਅਸੀਂ ਉਨ੍ਹਾਂ ਨੂੰ ਨਾ ਬੁਲਾਇਆ। ਉਹ ਚੁੱਪ-ਚਾਪ ਸਾਡੇ ਕੋਲੋਂ ਲੰਘ ਗਏ। ਅਗਲੇ ਦਿਨ ਵਿਆਹ ਕੇ ਆਏ। ਰਾਤ ਨੂੰ ਫੁੱਫੜ ਸਾਡੀ ਬੈਠਕ 'ਚ ਬੈਠਾ ਪੂਰੇ ਮੂਡ 'ਚ ਗੱਲਾਂ ਸੁਣਾ ਰਿਹਾ ਸੀ। ਰੋਟੀ ਖਾ ਕੇ ਜਦੋਂ ਉਹ ਕੱਲ੍ਹ ਵਾਲੇ ਠਿਕਾਣੇ 'ਤੇ ਜਾ ਕੇ ਸੌਣ ਲਈ ਉਠਿਆ ਤਾਂ ਮੈਂ ਕਿਹਾ, 'ਫੁੱਫੜ ਜੀ ਕੋਈ ਗੱਲ ਨੀਂ ਆਪਣਾ ਘਰ ਭਾਵੇਂ ਛੋਟੈ ਪਰ ਤੁਸੀਂ ਅੱਜ ਇੱਥੇ ਸਾਡੇ ਕੋਲ ਈ ਰਹੋ। ਕਿਸੇ ਦੇ ਘਰੇ ਨੀਂ ਜਾਣਾ।' ਸੁਣ ਕੇ ਭਰਵੀਂ ਆਵਾਜ਼ ਵਾਲਾ ਹਾਸਾ ਬੈਠਕ 'ਚ ਫੈਲਿਆ। ਬੋਲੇ, 'ਦਰਸ਼ਨ! ਮੈਂ ਤਾਂ ਰਾਤ ਵੀ ਉਹ ਪਰ੍ਹੇ ਬੈਠਕ 'ਚ ਥੋੜੇ ਕੋਲ ਬੈਠਣ ਨੂੰ ਤਿਆਰ ਸੀ ਪਰ ਤੁਸੀਂ ਮੈਨੂੰ ਬੁਲਾਇਆ ਈ ਨੀਂ।' ਸਾਰੇ ਖਿੜ-ਖਿੜਾਕੇ ਹੱਸ ਪਏ। ਮੈਂ ਚੁੱਪ ਹੋ ਗਿਆ ਪਰ ਅੱਜ ਇਹ ਯਾਦ ਕਰਦਾਂ ਤਾਂ ਸਮਝ ਪੈਂਦੀ ਐ ਪਿਓ ਵਰਗੇ ਰਿਸ਼ਤੇ 'ਚ ਸਾਡਾ ਵਧੀਆ ਮਿੱਤਰ ਚਲਾ ਗਿਆ ਜਿਸ ਦਾ ਪੰਜਾਬੀ ਸਾਹਿਤ 'ਚ ਕੋਈ ਸਾਨੀ ਨਹੀਂ।

ਸਾਰਾ ਜੀਵਨ ਮਾਂ ਬੋਲੀ ਦੀ ਸੇਵਾ ਲਈ ਸਾਹਿਤ ਸਿਰਜਣਾ 'ਚ ਲਾਇਆ। ਉਹ ਕੋਈ ਸੌਖਾ ਈ ਇਸ ਮੁਕਾਮ 'ਤੇ ਨਹੀਂ ਸੀ ਪਹੁੰਚਿਆ, ਬਹੁਤ ਮਿਹਨਤ ਮੁਸ਼ਕਤ ਕੀਤੀ। 1970-72 ਦੇ ਦਿਨਾਂ 'ਚ ਉਨ੍ਹਾਂ ਦੀ ਕਿਤਾਬ ਛਪੀ, ਉਹ ਆਪ ਕਿਤਾਬਾਂ ਦੋਸਤਾਂ ਮਿੱਤਰਾਂ ਨੂੰ ਦੇ ਕੇ ਪੜ੍ਹਾਉਂਦਾ। ਕਈ ਵਾਰੀ ਕੁਝ ਕਿਤਾਬਾਂ ਦੇ ਬੰਡਲ ਪਿੰਡ ਜੋਗੇ ਸਾਡੇ ਚੁਬਾਰੇ 'ਚ ਪਏ ਹੁੰਦੇ। ਮੇਰੇ ਭਰਾ ਨੇ ਇਹ ਜਾਦੂ ਸਕੂਲ ਮਾਸਟਰਾਂ ਤਕ ਪਹੁੰਚਾਉਣੀਆਂ ਹੁੰਦੀਆਂ।

ਸੱਚਾ-ਸੁੱਚਾ ਲਿਖਣਾ ਉਸ ਦਾ ਧਰਮ ਸੀ। ਕਦੇ ਕਿਸੇ ਵਹਿਮ ਭਰਮ 'ਚ ਪੈਂਦੇ ਮੈਂ ਉਸ ਨੂੰ ਬਿਲਕੁੱਲ ਨਹੀਂ ਵੇਖਿਆ। ਨਵੇਂ ਲੇਖਕਾਂ ਨੂੰ ਹਮੇਸ਼ਾ ਹੌਸਲਾ ਦਿੰਦੇ। 'ਕਹਾਣੀ ਪੰਜਾਬ' ਇਸ ਗੱਲ ਦਾ ਗਵਾਹ ਹੈ। ਮੈਂ ਕਾਫ਼ੀ ਲੇਟ ਲਿਖਣਾ ਸ਼ੁਰੂ ਕੀਤਾ। 'ਦੁੱਲੇ ਦੀ ਢਾਬ' ਨਾਵਲ 'ਤੇ ਅਸੀਂ ਮਾਨਸਾ ਗੋਸ਼ਟੀ ਕਰਵਾਉਣ ਦੀ ਸੋਚੀ। ਜਦ ਉਨ੍ਹਾਂ ਨਾਲ ਗੱਲ ਕੀਤੀ ਤਾਂ ਕਹਿੰਦੇ, 'ਮੈਂ ਤਾਂ ਇਹ ਕੰਮ ਨਹੀਂ ਕਰਵਾ ਸਕਦਾ।' ਪ੍ਰਬੰਧਕਾਂ ਨੇ ਕਿਹਾ ਤੁਸੀਂ ਤਾਂ ਸਿਰਫ਼ ਆਉਣੈ। ਜੇ ਹੋ ਸਕੇ ਚਾਰ-ਪੰਜ ਕਿਤਾਬਾਂ ਦੇ ਦਿਉ, ਉਹ ਮੰਨ ਗਏ। ਬਹੁਤ ਭਰਵਾਂ ਸਮਾਗਮ ਹੋਇਆ। ਅੱਜ ਤਕ ਸ਼ਾਇਦ 'ਲਹੂ ਦੀ ਲੋਅ' ਤੋਂ ਬਾਅਦ ਇੰਨੀ ਭਖਵੀਂ ਤੇ ਭਰਵੀਂ ਬਹਿਸ ਕਿਸੇ ਹੋਰ ਕਿਤਾਬ/ਨਾਵਲ 'ਤੇ ਮਾਨਸਾ 'ਚ ਨਹੀਂ ਹੋਈ। ਉਸ ਦੀਆਂ ਕਹਾਣੀਆਂ ਤੇ ਨਾਵਲਾਂ ਨੇ ਪੰਜਾਬੀ ਸਾਹਿਤ ਜਗਤ ਵਿਚ ਪਾਠਕਾਂ ਦੀ ਘਾਟ ਬਾਰੇ ਬੇਲੋੜੀਆਂ ਨਿਰਾਸ਼ਾਂ ਜਨਕ ਗੱਲਾਂ ਦੇ ਭਰਮ ਨੂੰ ਤੋੜਿਆ। ਜਦ ਉਸ ਦਾ ਨਾਵਲ 'ਕੋਠੇ ਖੜਕ ਸਿੰਘ' ਆਇਆ। ਮੈਨੂੰ ਯਾਦ ਐ ਇੱਕੋ ਕਾਪੀ ਮੇਰੇ ਵਿਭਾਗ ਦੇ ਕਈ ਇੰਜੀਨੀਅਰ ਦੋਸਤਾਂ ਨੇ ਵਾਰੋ-ਵਾਰੀ ਪੜ੍ਹੀ ਤੇ ਇਹਦੇ ਨਾਲ ਮੇਰੇ ਮਨ 'ਚੋਂ ਹੋਰ ਭੁਲੇਖੇ ਵੀ ਦੂਰ ਹੋਏ ਕਿ ਪੰਜਾਬੀ ਸਾਹਿਤ ਨੂੰ ਸਿਰਫ਼ ਆਰਟਸ ਵਾਲੇ ਹੀ ਪੜ੍ਹਦੇ ਹਨ, ਡਾਕਟਰ, ਇੰਜੀਨੀਅਰ ਨਹੀਂ। ਬਾਅਦ 'ਚ ਇਸੇ ਨਾਵਲ ਨੂੰ ਸਾਹਿਤ ਅਕਾਦਮੀ ਐਵਾਰਡ ਵੀ ਮਿਲਿਆ। ਕਈ ਸਾਲਾਂ ਬਾਅਦ ਅਣਖੀ ਦਾ ਪੋਸਟ ਸਕਰਿਪਟ ਨਵਾਂ ਜ਼ਮਾਨਾ ਵਿਚ ਛਪਣਾ ਸ਼ੁਰੂ ਹੋਇਆ। 'ਕੋਠੇ ਖੜਕ ਸਿੰਘ' ਬਾਰੇ ਜਦ ਉਨ੍ਹਾਂ ਲਿਖਿਆ ਤਾਂ ਪੜ੍ਹਕੇ ਮੇਰਾ ਅਖ਼ਬਾਰ ਨੂੰ ਚਿੱਠੀ ਲਿਖਣ ਲਈ ਮਨ ਕੀਤਾ। ਲਾਇਬ੍ਰੇਰੀ 'ਚੋਂ 'ਕੋਠੇ ਖੜਕ ਸਿੰਘ' ਲੈਣ ਚਲਾ ਗਿਆ। ਵੇਖਿਆ ਕਿਤਾਬ ਦੀ ਹਾਲਤ ਖਿਲਰੀ-ਪੁਲਰੀ ਪਈ ਸੀ। ਪੁੱਛਿਆ, ਲਾਇਬ੍ਰੇਰੀ ਵਾਲਾ ਮੁੰਡਾ ਕਹਿੰਦਾ,'ਜੀ ਲੋਕਾਂ ਨੇ ਪੜ੍ਹ-ਪੜ੍ਹ ਕੇ ਐਹੀ ਜੀ ਕਰਤੀ।' ਇਹ ਉਨ੍ਹਾਂ ਦੀ ਕਲਮ ਦੀ ਤਾਕਤ ਸੀ, ਕਲਾ ਸੀ। ਉਨ੍ਹਾਂ ਦੇ ਪਾਠਕਾਂ ਦਾ ਘੇਰਾ ਵਿਸ਼ਾਲ ਹੈ। ਇਸੇ ਕਰਕੇ ਉਹ ਹਮੇਸ਼ਾ ਕਹਿੰਦੇ, 'ਵਧੀਆ ਲਿਖੇ ਨੂੰ ਤਾਂ ਪਾਠਕ ਭਾਲ-ਭਾਲਕੇ ਪੜ੍ਹਦੈ।'

ਕਹਾਣੀ ਪੰਜਾਬ ਨਾਲ ਉਸ ਦਾ ਜਿਊਣ ਮਰਨ ਦਾ ਰਿਸ਼ਤਾ ਸੀ। ਕਿਵੇਂ ਔਖਾਂ-ਸੌਖਾਂ ਨਾਲ ਪਰਚਾ ਚਲਾਇਆ ਤੇ ਇਸ ਦਾ ਨਾਂ ਥਾਂ ਬਣਾਇਆ। ਇਕ ਵਾਰ ਮਾਨਸਾ ਆਏ। ਕੁਰਬਾਨੀ ਤੇ ਸਾਹਿਤਕ ਪਿਛੋਕੜ ਵਾਲੇ ਪਰਿਵਾਰ ਦੀ ਨਵੀਂ ਪੀੜ੍ਹੀ ਦੇ ਮੈਂਬਰਾਂ ਨੂੰ 'ਕਹਾਣੀ ਪੰਜਾਬ' ਲਗਵਾਉਣ ਲਈ ਕਿਹਾ ਪਰ ਉਹ ਚੁਸਤੀਆਂ ਨਾਲ ਕਿਸੇ ਗੱਲ 'ਤੇ ਨਾ ਆਏ। ਆਪ ਉੱਠਕੇ ਆ ਗਏ। ਕਾਫ਼ੀ ਅਰਸੇ ਮਗਰੋਂ ਉਸੇ ਪਰਿਵਾਰ ਨੇ ਆਪਣੇ ਕਿਸੇ ਨੂੰ ਪ੍ਰਮੋਟ ਕਰਨ ਲਈ ਸਮਾਗਮ ਰੱਖਿਆ। ਅਣਖੀ ਨੂੰ ਆਉਣ-ਜਾਣ ਵਾਸਤੇ ਕਾਰ ਦੀ ਪੇਸ਼ਕਸ਼ ਕੀਤੀ ਪਰ ਉਸ ਨੇ ਜਵਾਬ ਦੇ ਦਿੱਤਾ। ਮੇਰੇ ਰਾਹੀਂ ਵੀ ਫੋਨ ਕਰਵਾਇਆ ਤਾਂ ਮੈਨੂੰ ਕਹਿੰਦੇ, 'ਮੈਂ ਪਹਿਲਾਂ ਕਦੇ ਕਾਰ 'ਚ ਆਇਆਂ ਦੱਸ? ਤੈਨੂੰ ਪਤਾ ਨਹੀਂ ਦਰਸ਼ਨ! ਇਹ ਲੋਕ ਸਾਨੂੰ ਵਰਤਦੇ ਐ। ਸਾਹਿਤ ਨਾਲ ਇਨ੍ਹਾਂ ਦਾ ਕੋਈ ਸਰੋਕਾਰ ਨਹੀਂ।' ਉਂਜ ਅਸੀਂ ਕਦੇ ਵੀ ਸੁਨੇਹਾ ਦਿੰਦੇ ਝੱਟ ਬੱਸ ਚੜ੍ਹਕੇ ਮਾਨਸਾ ਆ ਜਾਂਦੇ। ਕਈ ਵਾਰੀ ਕਿਤਾਬਾਂ ਦਾ ਬੰਡਲ ਵੀ ਚੁੱਕੀ ਆਉਂਦੇ ਜੋ ਪੜ੍ਹਨ ਲਈ ਕਿਸੇ ਸੰਸਥਾ ਨੂੰ ਦੇ ਕੇ ਜਾਣੀਆਂ ਹੁੰਦੀਆਂ ਸੀ।

ਮਾਨਸਾ ਇਲਾਕੇ ਦੇ ਪਿੰਡਾਂ/ਲੇਖਕਾਂ ਨਾਲ ਉਨ੍ਹਾਂ ਦਾ ਖ਼ਾਸ ਲਗਾਓ ਸੀ। ਉਨ੍ਹਾਂ ਦੇ ਨਾਵਲ, 'ਕੋਠੇ ਖੜਕ ਸਿੰਘ', 'ਦੁੱਲੇ ਦੀ ਢਾਬ', 'ਗੇਲੋ', 'ਬੱਸ ਹੋਰ ਨਹੀਂ', 'ਭੀਮਾ' ਆਦਿ ਵਿਚ ਇਨ੍ਹਾਂ ਪਿੰਡਾਂ ਦਾ ਖ਼ਾਸ ਵਰਨਣ ਹੈ। ਉਸ ਦੀਆਂ ਰਚਨਾਵਾਂ ਵਿੱਚੋਂ ਮਾਲਵੇ ਦੇ ਪੇਂਡੂ ਲੋਕ ਜੀਵਨ ਦੇ ਦੁੱਖ-ਸੁੱਖ, ਸੱਭਿਆਚਾਰ ਤੇ ਬੋਲੀ ਦੀ ਮਿਠਾਸ ਦੇ ਭਰਵੇਂ ਦਰਸ਼ਨ ਹੁੰਦੇ ਹਨ। ਮਾਨਸਾ ਇਲਾਕੇ ਦੇ ਲੇਖਕਾਂ ਨੂੰ ਵੀ ਪੂਰਾ ਮੋਹ ਕਰਦੇ, ਉਨ੍ਹਾਂ ਨੂੰ ਮਾਮੇ-ਮਾਸੀਆਂ ਦੇ ਪੁੱਤ ਕਹਿੰਦੇ, ਲਿਖਦੇ ਰਹੇ।

ਇਕ ਵਾਰ ਮਾਨਸਾ ਪ੍ਰੋ. ਅਜਮੇਰ ਸਿੰਘ ਔਲਖ ਦੀ ਕਿਤਾਬ 'ਤੇ ਗੋਸ਼ਟੀ ਸੀ। ਸਮਾਗਮ ਦੁਪਹਿਰ ਬਾਅਦ ਹੋਇਆ। ਪ੍ਰਧਾਨਗੀ ਰਾਮ ਸਰੂਪ ਅਣਖੀ ਨੇ ਕੀਤੀ। ਸਮਾਗਮ 'ਚ ਖੁੱਲ੍ਹਕੇ ਗੱਲਾਂ ਹੋਈਆਂ। ਸ਼ਾਮ ਦੀ ਦਾਅਵਤ ਵੀ ਪ੍ਰੋ. ਔਲਖ ਵੱਲੋਂ ਦਿੱਤੀ ਗਈ। ਸਾਰੇ ਲੇਖਕ ਮਿੱਤਰ ਜਸ਼ਨ ਮਨਾ ਰਹੇ ਸਾਂ ਤਾਂ ਇਕ ਕਵੀ ਬਹਿਕ ਉਠਿਆ, ਕਹਿੰਦਾ, 'ਮੇਰੀਆਂ ਕਵਿਤਾਵਾਂ ਸੁਣੋ।' ਵਧੀਆਂ ਗੱਲਾਂ ਕਰ ਰਹੇ ਲੋਕ ਮੂੰਹਾਂ 'ਤੇ ਪ੍ਰਸ਼ਨ ਚਿੰਨ੍ਹ ਬਣਾ ਕੇ ਬਿਟ-ਬਿਟ ਉਹਦੇ ਕੰਨੀ ਵੇਖਣ ਲੱਗੇ। ਉਹ ਧੱਕੇ ਨਾਲ ਕਵਿਤਾ ਪੜ੍ਹਨ ਲੱਗਾ ਤਾਂ ਇਕ ਕਹਾਣੀਕਾਰ ਹੱਥ 'ਚ ਗਲਾਸ ਲੈ ਕੇ ਖੜ੍ਹਾ ਹੋ ਗਿਆ, ਕਹਿੰਦਾ, 'ਅਸੀਂ ਨੀਂ ਸੁਣਨੀਂ ਤੇਰੀ ਕਵਿਤਾ। ਪ੍ਰੋਗਰਾਮ 'ਚ ਸੁਣਾ ਲੈਂਦਾ। ਨਾਲੇ ਅਸੀਂ ਕੀ ਤੇਰੇ ਬੰਨ੍ਹੇ ਆਂ ਵੀ ਇੱਥੇ ਆ ਕੇ ਵੀ ਤੇਰੀਆਂ ਕਵਿਤਾਵਾਂ ਸੁਣੀਏ। ਅਸੀਂ ਤਾਂ ਅਣਖੀ ਹੋਰਾਂ ਦੀਆਂ ਗੱਲਾਂ ਸੁਣਾਂਗੇ।' ਔਲਖ ਤੇ ਅਣਖੀ ਕੀ ਬੋਲਣ, ਚੁੱਪ ਰਹੇ। ਖਾਣਾ ਖਾ ਕੇ ਮੈਂ ਅਣਖੀ ਨੂੰ ਸਕੂਟਰ 'ਤੇ ਬਿਠਾਇਆ ਘਰੇ ਆ ਗਏ। ਕਹਿੰਦੇ, 'ਯਾਰ ਮਾਨਸਾ ਦਾ ਆਹ ਕੁਝ ਮੈਨੂੰ ਚੰਗਾ ਨੀਂ ਲੱਗਦਾ। ਐਵੇਂ ਆਪਸ 'ਚ ਖਿਝੀ ਜਾਂਦੇ ਰਹਿੰਦੇ ਐ। ਫਾਲਤੂ ਦੀ ਈਰਖਾ। ਪ੍ਰੋਗਰਾਮ 'ਚ ਵਧੀਆ ਗੱਲਾਂ ਹੋ ਗਈਆਂ। ਉਨ੍ਹਾਂ ਦਾ ਮਨ ਵਾਧੂ ਦੀ ਕੁੜਤਣ ਵਾਲੇ ਮਾਹੌਲ ਤੋਂ ਉਚਾਟ ਸੀ। ਫਿਰ ਘਰ ਦੀਆਂ ਗੱਲਾਂ 'ਚ ਮਸਤ ਹੋਗੇ। ਵੱਡੀ ਰਾਤ ਤਕ ਸਾਡੇ ਨਾਲ ਗੱਲਾਂ ਕਰਦੇ ਰਹੇ। ਸਵੇਰੇ ਉੱਠੇ ਤੇ ਨਹਾਤੇ। ਨਾਸ਼ਤਾ ਕਰਵਾ ਰਹੀ ਮੇਰੀ ਪਤਨੀ ਪ੍ਰੇਮ ਨੂੰ ਕਹਿੰਦੇ, 'ਭਾਈ ਪ੍ਰੇਮ ਮੈਨੂੰ ਅੱਜ ਐਂ ਲੱਗਿਆ ਜਿਵੇਂ ਬਹੁਤ ਸਾਲਾਂ ਬਾਅਦ ਜੋਗੇ ਰਾਤ ਕੱਟੀ ਹੋਵੇ।' ਅਸੀਂ ਸੁਣ ਕੇ ਬਹੁਤ ਖ਼ੁਸ਼ ਹੋਏ

ਪਰ ਅਫ਼ਸੋਸ ਜੋ ਕਦੇ ਮਨ ਨੇ ਸੋਚਿਆ ਵੀ ਨਹੀਂ ਸੀ ਐਸੀ ਮਨਹੂਸ ਖ਼ਬਰ 14 ਫਰਵਰੀ 2010 ਨੂੰ ਮੋਬਾਈਲ ਨੇ ਸੁਣਾਈ। ਸੁਣ ਕੇ ਇਕਦਮ ਸੁੰਨ ਹੋਇਆ ਬੈਠਾ ਰਿਹਾ। ਕਰਾਂਤੀਪਾਲ ਨੂੰ ਫੋਨ 'ਤੇ ਇੰਨਾ ਹੀ ਕਹਿ ਸਕਿਆਂ, 'ਆਖ਼ਰੀ ਇਸ਼ਨਾਨ ਮੇਰੇ ਆਉਣ 'ਤੇ ਕਰਵਾਇਓ।' ਜਾ ਕੇ ਵੇਖਦਾਂ, ਮੈਨੂੰ ਵੇਖਣਸਾਰ, 'ਆ ਬਈ ਦਰਸ਼ਨ' ਆਖਣ ਵਾਲੀ ਭਰਵੀਂ ਆਵਾਜ਼ ਖ਼ਾਮੋਸ਼ ਪਈ ਸੀ। ਲੁਗ-ਲੁਗ ਕਰਦੇ ਪੂਰੇ ਕਾਇਮ ਮਸਲਾਂ ਵਾਲੇ ਸਰੀਰ ਨੂੰ ਇਸ਼ਨਾਨ ਕਰਵਾਉਣ ਦੀ ਤਿਆਰੀ ਸੀ। ਫਟਾ-ਫਟ ਪਿੰਡੇ 'ਤੇ ਦਹੀਂ ਮਲ ਰਿਹਾ ਸਾਂ। ਵੇਖਿਆ ਸੱਜੇ ਪੈਰ ਦੇ ਅੰਗੂਠੇ ਤੇ ਨੀਲੀ ਲੀਰ ਦੀ ਪੱਟੀ ਬੰਨ੍ਹੀ ਹੋਈ ਹੈ। ਪੱਟੀ ਨੂੰ ਖੋਲਿਆ। ਅੱਖਾਂ ਦਾ ਪਾਣੀ ਬੇ ਮੁਹਾਰਾ ਵਹਿ ਤੁਰਿਆ। ਜ਼ਿੰਦਗੀ ਦਾ ਇੰਨਾ ਲੰਮਾ ਪੈਂਡਾ ਤਹਿ ਕਰਨ ਵਾਲੇ ਇਨ੍ਹਾਂ ਪੈਰਾਂ ਨੇ ਦੇਸ਼ਾਂ-ਵਿਦੇਸ਼ਾਂ ਤਕ ਪਹੁੰਚ ਕੇ ਕਿੱਥੋਂ ਤਕ ਸੁੱਚੀਆਂ ਪੈੜਾਂ ਪਾਈਆਂ। ਸੰਭਾਲ ਇਨ੍ਹਾਂ ਦੀ ਇੰਨੀ ਕੁ, ਚਲੋ ਆਪੇ ਠੀਕ ਹੋਜੂ। ਕੋਈ ਉਚੇਚ ਨੀਂ। ਸਸਕਾਰ ਤੋਂ ਤੀਜੇ ਦਿਨ ਹਰੀਗੜ੍ਹ ਨਹਿਰ 'ਚ ਆਵਦੇ ਹੱਥੀਂ ਅਸਥੀਆਂ ਜਲ ਪ੍ਰਵਾਹ ਕਰ ਕੇ ਆਇਆਂ ਸਾਂ। ਕਰਾਂਤੀਪਾਲ ਕਮਰੇ 'ਚ ਲਿਜਾਕੇ ਕਿੰਨੀਆਂ ਚੀਜ਼ਾਂ ਵਿਖਾਉਣ ਲੱਗਿਆ। ਹਰ ਚੀਜ਼ ਬੜੇ ਸਲੀਕੇ ਨਾਲ ਰੱਖੀ ਤੇ ਸੰਭਾਲੀ ਹੋਈ ਸੀ। ਨਵਾਂ ਜ਼ਮਾਨਾ 'ਚ ਛਪੇ 'ਹੱਡੀ ਬੈਠੇ ਪਿੰਡ' ਦੇ ਆਰਟੀਕਲ ਕਿਤਾਬ ਰੂਪ 'ਚ ਛਪਣ ਲਈ ਸੈੱਟ ਕਰਕੇ ਫਾਇਲ ਵਿਚ ਰੱਖੇ ਹੋਏ। 'ਕਹਾਣੀ ਪੰਜਾਬ' ਦੇ ਆਉਣ ਵਾਲੇ ਅੰਕ ਦੀ ਤਿਆਰੀ ਲਈ ਚੁਣੀਆਂ ਰਚਨਾਵਾਂ ਵੱਖਰੀਆਂ ਫਾਇਲ 'ਚ ਲੱਗੀਆਂ ਹੋਈਆਂ। ਕਮਾਲ ਦੀ ਗੱਲ 2010 ਦੀਆਂ ਬੇਹਤਰੀਨ ਪੰਜਾਬੀ ਕਹਾਣੀਆਂ ਪੜ੍ਹਕੇ ਉਨ੍ਹਾਂ ਦੀ ਸੂਚੀ ਤਿਆਰ ਹੋ ਰਹੀ ਸੀ।

ਬਾਕੀ ਚੀਜ਼ਾਂ ਦੇ ਨਾਲ ਉੱਥੇ ਇਕ ਨੋਟ ਬੁੱਕ ਵੀ ਸੀ ਜਿਸ ਵਿਚ 'ਪਿੰਡ ਦੀ ਮਿੱਟੀ' ਨਾਵਲ ਲਿਖਿਆ ਹੋਇਆ ਸੀ। ਮਨ ਦੀ ਉਤਸੁਕਤਾ ਇੰਨੀ ਵਧੀ, ਮੈਂ ਉੱਥੇ ਹੀ ਬੈਠ ਕੇ ਪੜ੍ਹਣਾ ਸ਼ੁਰੂ ਕਰ ਦਿੱਤਾ। ਇਸ ਦਾ ਵਿਸ਼ਾ-ਵਸਤੂ, ਟੈਕਨੀਕ, ਬੋਲੀ, ਸ਼ੈਲੀ ਉਸੇ ਤਰ੍ਹਾਂ ਦੀ ਸੀ, ਜਿਸ ਦੇ ਪਾਠਕ ਕਾਇਲ ਸਨ। ਅਧੂਰੇ ਨਾਵਲ ਦੇ ਆਖ਼ਰੀ ਕਾਂਡ 'ਚ ਪਿੰਡ ਦੀ ਇਕ ਔਰਤ ਦੇ ਮੁੰਡੇ ਦਾ ਵਿਆਹ ਰੱਲੇ ਪਿੰਡ ਦੀ ਬਹੁਤ ਸੋਹਣੀ ਮੁਟਿਆਰ ਨਾਲ ਹੁੰਦਾ ਹੈ। ਉਸ ਦੇ ਹੁਸਨ ਦੀ ਤਾਰੀਫ਼ 'ਚ ਇਕ ਲੋਕ ਦੰਦ ਕਥਾ ਆਉਂਦੀ ਹੈ ਕਿ ਜੋਗੇ-ਰੱਲੇ ਪਿੰਡਾਂ 'ਚ ਪਰੀਆਂ ਰਹਿੰਦੀਆਂ ਸਨ। ਇੱਥੋਂ ਦੇ ਇਕ ਨੌਜਵਾਨ ਨੇ ਪਰੀ ਨਾਲ ਵਿਆਹ ਕਰਵਾ ਲਿਆ। ਇਸੇ ਕਰਕੇ ਇੱਥੋਂ ਦੀਆਂ ਮੁਟਿਆਰਾਂ ਸੋਹਣੀਆਂ ਨੇ ਕਿਉਂਕਿ ਇਹ ਪਰੀਆਂ ਦੀ ਔਲਾਦ ਹਨ। ਮਨ 'ਚ ਆਉਂਦੈ ਇਸੇ ਪਿੰਡ ਵਿਆਹਿਆ ਸੋਹਣਾ ਅਣਖੀ ਨਾਵਲ ਲਿਖਦਾ ਆਪਣੇ ਜੋਗੇ-ਰੱਲੇ ਦੀਆਂ ਗਲੀਆਂ ਵਿਚ ਘੁੰਮਦਾ-ਘੁੰਮਾਉਂਦਾ ਸਾਰਾ ਜੀਵਨ ਸਾਹਿਤ ਅਤੇ ਲੋਕਾਂ ਦੇ ਲੇਖੇ ਲਾ ਪਰੀਆਂ ਦੇ ਦੇਸ਼ ਚਲਾ ਗਿਆ। ਆਪਣੀ ਕਲਾ ਤੇ ਸ

ਭਾਜਪਾ ਮਹਿਲਾ ਮੋਰਚਾ ਪ੍ਰਧਾਨ ਜੈ ਇੰਦਰ ਕੌਰ ਵੱਲੋਂ 'ਆਪ' ਸਰਕਾਰ ਖਿਲਾਫ ਵਿਸ਼ਾਲ ਰੋਸ ਪ੍ਰਦਰਸ਼ਨ

1000 ਰੁਪਏ ਪ੍ਰਤੀ ਮਹੀਨਾ ਦੀ ਗਰੰਟੀ ਪੂਰੀ ਨਾ ਕਰਕੇ ਭਗਵੰਤ ਮਾਨ ਸਰਕਾਰ ਨੇ ਪੰਜਾਬ ਦੀਆਂ ਔਰਤਾਂ ਨਾਲ ਕੀਤਾ ਵੱਡਾ ਧੋਖਾ: ਜੈ ਇੰਦਰ ਕੌਰ

ਪਟਿਆਲਾ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਭਾਜਪਾ ਪੰਜਾਬ ਮਹਿਲਾ ਮੋਰਚਾ ਦੀ ਪ੍ਰਧਾਨ ਜੈ ਇੰਦਰ ਕੌਰ ਨੇ ਅੱਜ ਪਟਿਆਲਾ ਦੀਆਂ ਔਰਤਾਂ ਨਾਲ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਿਰੁੱਧ ਪੰਜਾਬ ਦੀਆਂ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਗਾਰੰਟੀ ਦੇਣ ਦੇ ਵਾਅਦੇ ਨੂੰ ਪੂਰਾ ਕਰਨ ਵਿੱਚ ਨਾਕਾਮ ਰਹਿਣ ਦੇ ਵਿਰੋਧ ਵਿੱਚ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ।

ਪਟਿਆਲਾ ਦੇ ਫੁਹਾਰਾ ਚੌਕ ਵਿਖੇ ਦਿੱਤੇ ਧਰਨੇ ਦੌਰਾਨ ਜੈ ਇੰਦਰ ਕੌਰ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਵੱਲੋਂ ਪਹਿਲਾਂ ਰੱਦ ਕੀਤੇ ਗਏ 10 ਲੱਖ ਤੋਂ ਵੱਧ ਰਾਸ਼ਨ ਕਾਰਡ ਤੁਰੰਤ ਬਹਾਲ ਕੀਤੇ ਜਾਣ ਦੀ ਵੀ ਕੀਤੀ ਮੰਗ। ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਜੈ ਇੰਦਰ ਕੌਰ ਨੇ ਕਿਹਾ ਕਿ, ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨੂੰ ਗਾਰੰਟੀ ਦਿੱਤੀ ਸੀ ਕਿ ਉਹ ਇੱਕ ਵਾਰ ਚੁਣੇ ਜਾਣ 'ਤੇ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਵੇਗੀ। ਪਰ ਹੁਣ 18 ਮਹੀਨਿਆਂ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਅਤੇ ਸਰਕਾਰ ਵੱਲੋਂ ਆਪਣੇ ਵੱਡੇ ਚੋਣ ਵਾਅਦਿਆਂ ਵਿੱਚੋਂ ਇੱਕ ਨੂੰ ਪੂਰਾ ਕਰਨ ਦਾ ਕੋਈ ਸੰਕੇਤ ਨਹੀਂ ਹੈ।

ਉਨ੍ਹਾਂ ਅੱਗੇ ਕਿਹਾ, ਆਪ ਸਰਕਾਰ ਵੱਲੋਂ ਕੀਤੇ ਵਾਅਦੇ ਨੂੰ ਲਾਗੂ ਨਾ ਕਰਨ ਦੇ ਵਿਰੋਧ ਵਿੱਚ ਔਰਤਾਂ ਵਿੱਚ ਰੋਸ ਵੱਧ ਰਿਹਾ ਹੈ ਕਿਉਂਕਿ ਉਹ ਸਰਕਾਰ ਵੱਲੋਂ ਪੂਰੀ ਤਰ੍ਹਾਂ ਠੱਗਿਆ ਮਹਿਸੂਸ ਕਰ ਰਹੀਆਂ ਹਨ। ਇਹ ਸਾਡਾ ਬਣਦਾ ਹੱਕ ਹੈ ਜਿਸ ਦਾ ਸਰਕਾਰ ਵੱਲੋਂ ਸਾਡੇ ਨਾਲ ਵਾਅਦਾ ਕੀਤਾ ਗਿਆ ਸੀ ਅਤੇ ਜੇਕਰ ਪੰਜਾਬ ਜੇਕਰ ਸਰਕਾਰ ਇਸ ਗਾਰੰਟੀ ਨੂੰ ਪੂਰਾ ਕਰਨ 'ਚ ਅਸਫਲ ਰਹਿੰਦੀ ਹੈ ਤਾਂ ਅਸੀਂ ਪੰਜਾਬ ਭਰ 'ਚ ਇਸ ਤੋਂ ਵੀ ਵੱਡੇ ਰੋਸ ਪ੍ਰਦਰਸ਼ਨ ਕਰਾਂਗੇ। ਉਨ੍ਹਾਂ ਅੱਗੇ ਕਿਹਾ, ਹਰ ਔਰਤ ਨੂੰ 1000 ਰੁਪਏ ਪ੍ਰਤੀ ਮਹੀਨਾ ਇੱਕ ਮਹੱਤਵਪੂਰਨ ਗਰੰਟੀ ਸੀ ਜਿਸ ਕਾਰਨ ਪੰਜਾਬ ਦੇ ਲੋਕਾਂ ਨੇ 'ਆਪ' ਸਰਕਾਰ ਨੂੰ ਵੋਟਾਂ ਪਾਈਆਂ ਅਤੇ ਹੁਣ ਸਮੇਂ ਦੀ ਲੋੜ ਹੈ ਕਿ ਉਹ ਇਸ ਵਾਅਦੇ ਨੂੰ ਪੂਰਾ ਕਰਨ ਅਤੇ ਸਾਡੀਆਂ ਔਰਤਾਂ ਨੂੰ ਤੁਰੰਤ ਮੁਆਵਜ਼ਾ ਦੇਣਾ ਸ਼ੁਰੂ ਕਰਨ। ਨਹੀਂ ਤਾਂ ਪੰਜਾਬ ਦੇ ਲੋਕ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਉਨ੍ਹਾਂ ਨੂੰ ਸਖ਼ਤ ਸਬਕ ਸਿਖਾ ਦੇਣਗੇ।

ਭਾਜਪਾ ਮਹਿਲਾ ਮੋਰਚਾ ਦੀ ਪ੍ਰਧਾਨ ਨੇ ਸਮਾਰਟ ਰਾਸ਼ਨ ਕਾਰਡਾਂ ਦਾ ਮੁੱਦਾ ਵੀ ਉਠਾਉਂਦਿਆਂ ਕਿਹਾ ਕਿ, ÷ਗਰੀਬ ਪਰਿਵਾਰਾਂ ਦੇ ਸਮਾਰਟ ਰਾਸ਼ਨ ਕਾਰਡਾਂ ਦੀ ਕਟੌਤੀ ਕਰਨਾ ਭਗਵੰਤ ਮਾਨ ਸਰਕਾਰ ਦਾ ਇੱਕ ਹੋਰ ਨਿੰਦਣਯੋਗ ਕਦਮ ਹੈ। ਇਸ ਸਰਕਾਰ ਵੱਲੋਂ ਬਿਨਾਂ ਕਿਸੇ ਕਾਰਨ ਜਾਂ ਤਰਕ ਦੇ ਲਗਭਗ 10.77 ਲੱਖ ਸਮਾਰਟ ਰਾਸ਼ਨ ਕਾਰਡ ਰੱਦ ਕਰ ਦਿੱਤੇ ਗਏ ਹਨ। ਇਸ ਨੂੰ ਲੈ ਕੇ ਵਿਰੋਧ ਦਾ ਸਾਹਮਣਾ ਕਰਨ ਤੋਂ ਬਾਅਦ ਪੰਜਾਬ ਸਰਕਾਰ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਉਹ ਇਨ੍ਹਾਂ ਕਾਰਡਾਂ ਨੂੰ ਬਹਾਲ ਕਰ ਰਹੀ ਹੈ, ਪਰ ਅੱਜ ਤੱਕ ਅਜਿਹਾ ਕੋਈ ਆਦੇਸ਼ ਨਹੀਂ ਦਿੱਤਾ ਗਿਆ ਹੈ।

ਉਨ੍ਹਾਂ ਨੇ ਅੱਗੇ ਕਿਹਾ, ਇਹ ਪਰਿਵਾਰ ਸਮਾਜ ਦੇ ਬਹੁਤ ਗਰੀਬ ਤਬਕੇ ਨਾਲ ਸਬੰਧਤ ਹਨ ਅਤੇ ਉਨ੍ਹਾਂ ਨੂੰ ਕੇਂਦਰ/ਰਾਜ ਸਰਕਾਰ ਦੀ ਸਕੀਮ ਅਨੁਸਾਰ ਆਟਾ, ਦਾਲ ਦੇ ਰੂਪ ਵਿੱਚ ਦਿੱਤੀ ਜਾ ਰਹੀ ਖੁਰਾਕ ਰਾਹਤ ਦੇਣ ਤੋਂ ਵਾਂਝੇ ਰੱਖਿਆ ਗਿਆ ਹੈ। ਅਸੀਂ ਮੰਗ ਕਰਦੇ ਹਾਂ ਕਿ ਪੰਜਾਬ ਸਰਕਾਰ ਇਨ੍ਹਾਂ ਰਾਸ਼ਨ ਕਾਰਡਾਂ ਨੂੰ ਤੁਰੰਤ ਬਹਾਲ ਕਰੇ।

ਗ੍ਰੀਨਵੈੱਲ ਹਾਈ ਸਕੂਲ ਵਿਖੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਸ਼ਰਧਾਂਜਲੀ ਭੇਂਟ

ਪਟਿਆਲਾ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਰਾਸ਼ਟਰਪਿਤਾ ਮਹਾਤਮਾ ਗਾਂਧੀ ਜੀ ਦੇ ਬਲੀਦਾਨ ਦਿਵਸ਼ ਮੌਕੇ ਗ੍ਰੀਨ ਵੈਲ ਹਾਈ ਸਕੂਲ ਪਟਿਆਲਾ ਵਿਖੇ ਵਿਸ਼ੇਸ਼ ਪਰੋਗਰਾਮ ਪ੍ਰਿੰਸੀਪਲ ਸ਼੍ਰੀਮਤੀ ਮੰਜੂ ਜੀ ਦੀ ਅਗਵਾਈ ਹੇਠ ਕਰਵਾਏ ਗਏ ਜਿਸ ਵਿਖੇ ਵਿਦਿਆਰਥੀਆਂ ਨੇ ਮਹਾਤਮਾ ਗਾਂਧੀ ਜੀ ਦੇ ਅਹਿੰਸਾਵਾਦੀ ਪ੍ਰੇਮ ਹਮਦਰਦੀ ਸਬਰ ਸ਼ਾਂਤੀ ਅਤੇ ਮਾਨਵਤਾ ਨੂੰ ਬਚਾਉਣ ਦੇ ਕਾਰਜਾਂ ਬਾਰੇ ਵਿਚਾਰ ਸਾਂਝੇ ਕੀਤੇ।

ਸ਼੍ਰੀ ਕਾਕਾ ਰਾਮ ਵਰਮਾ, ਪਵਨ ਗੋਇਲ ਅਤੇ ਸ਼੍ਰੀਮਤੀ ਮਨਜੀਤ ਕੌਰ ਆਜ਼ਾਦ ਨੇ ਦੱਸਿਆ ਕਿ ਮਹਾਤਮਾ ਗਾਂਧੀ ਜੀ ਦੇ ਅਹਿੰਸਾਵਾਦੀ ਪ੍ਰੇਮ ਹਮਦਰਦੀ ਦੇ ਸਿਧਾਂਤਾਂ ਅਸੂਲਾਂ ਮਰਿਆਦਾਵਾਂ ਕਾਰਨ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਲੋਕਾਂ ਸੈਨਿਕਾਂ ਅਤੇ ਪਸ਼ੂ ਪੰਛੀਆਂ ਦੀ ਤਬਾਹੀ ਨਹੀਂ ਹੋਈ ਸੀ ਕਿਉਂਕਿ ਮਹਾਤਮਾ ਗਾਂਧੀ ਜੀ ਨੇ ਪਹਿਲੇ ਅਤੇ ਦੂਜੇ ਸੰਸਾਰ ਯੁੱਧਾਂ ਸਮੇਂ ਕਰੋੜਾਂ ਲੋਕਾਂ ਦੀਆਂ ਮੌਤਾਂ ਦੇਖੀਆਂ ਸਨ। ਇਸ ਮੌਕੇ ਵਿਦਿਆਰਥੀਆਂ ਨੇ ਇਸ ਸਾਲ ਦਾ ਭਾਰਤ ਸਰਕਾਰ ਵੱਲੋਂ ਭੇਜੇ, ਕੁਸਟ ਰੋਗ ਦੇ ਪੀੜਤਾਂ ਨੂੰ ਨੇੜੇ ਦੇ ਹਸਪਤਾਲ ਪਹੁੰਚਾਉਣ, ਕੁਸਟ ਰੋਗੀਆਂ ਨਾਲ ਭੇਦ ਭਾਵ ਨਾ ਕਰਨ ਅਤੇ ਜ਼ਿੰਦਗੀ ਵਿਚ ਹਮੇਸ਼ਾ ਅਹਿੰਸਾਵਾਦੀ ਪ੍ਰੇਮ ਹਮਦਰਦੀ ਨਿਮਰਤਾ ਸ਼ਹਿਣਸ਼ੀਲਤਾ ਅਨੁਸ਼ਾਸਨ ਦੇ ਵਿਚਾਰਾਂ ਆਦਤਾਂ ਨੂੰ ਅਪਣਾਉਣ ਲਈ ਪ੍ਰਣ ਕਰਵਾਏ। ਮਨਜੀਤ ਕੌਰ ਆਜ਼ਾਦ ਕਾਕਾ ਰਾਮ ਵਰਮਾ ਅਤੇ ਪਵਨ ਗੋਇਲ ਨੇ ਕਿਹਾ ਕਿ ਗਰੀਨ ਵੈਲ ਹਾਈ ਸਕੂਲ ਵਿਖੇ ਹਰੇਕ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਦਿਵਸ਼ ਅਤੇ ਮਹਾਨ ਲੋਕਾਂ ਦੇ ਦਿਹਾੜਿਆਂ ਨੂੰ ਪੂਰੀ ਸ਼ਰਧਾ ਪ੍ਰੇਮ ਦ੍ਰਿੜ੍ਹ ਨਾਲ ਮਣਾਇਆ ਜਾਂਦਾ ਹੈ ਤਾਂ ਜੋ ਵਿਦਿਆਰਥੀਆਂ ਅਧਿਆਪਕਾਂ ਅਤੇ ਉਨ੍ਹਾਂ ਰਾਹੀਂ ਮਾਪਿਆਂ ਅਤੇ ਲੋਕਾਂ ਨੂੰ ਗਿਆਨ ਮਿਲਦੇ ਰਹਿਣ।

ਪਟਿਆਲਾ ਹੈਰੀਟੇਜ ਮੇਲਾ-2024; 4 ਫਰਵਰੀ ਨੂੰ ਬਾਰਾਂਦਰੀ ਬਾਗ ਦੀ ਵਿਰਾਸਤੀ ਸੈਰ ਤੇ ਫੂਡ ਫੈਸਟੀਵਲ ਦੀ ਤਿਆਰੀ ਲਈ

ਪਟਿਆਲਾ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਹੈਰੀਟੇਜ ਮੇਲੇ ਦੌਰਾਨ 4 ਫਰਵਰੀ ਨੂੰ ਬਾਰਾਂਦਰੀ ਬਾਗ ਵਿਖੇ ਵਿਰਾਸਤੀ ਸੈਰ ਤੇ ਫੂਡ ਫੈਸਟੀਵਲ ਦੇ ਨੋਡਲ ਅਫ਼ਸਰ ਸਕੱਤਰ ਰੀਜ਼ਨਲ ਟਰਾਂਸਪੋਰਟ ਅਥਾਰਟੀ ਨਮਨ ਮਾਰਕੰਨ ਤੇ ਐਸ.ਡੀ.ਐਮ. ਨਾਭਾ ਤਰਸੇਮ ਚੰਦ ਨੇ ਇੱਕ ਬੈਠਕ ਕਰਕੇ ਤਿਆਰੀਆਂ ਨੂੰ ਅੰਤਮ ਛੋਹਾਂ ਦਿੱਤੀਆਂ।

ਪਟਿਆਲਾ ਫਾਊਂਡੇਸ਼ਨ ਦੇ ਸਹਿਯੋਗ ਨਾਲ ਕਰਵਾਈ ਜਾਣ ਵਾਲੀ ਇਸ ਵਿਰਾਸਤੀ ਸੈਰ ਮੌਕੇ ਹੈਰੀਟੇਜ ਫੂਡ ਫੈਸਟੀਵਲ ਵਿੱਚ ਪਟਿਆਲਾ ਸ਼ਹਿਰ ਦੀਆਂ ਗਲੀਆਂ ਦੇ ਲਜ਼ੀਜ਼ ਪਕਵਾਨਾਂ ਸਮੇਤ ਸਵੈ ਸਹਾਇਤਾ ਗਰੁੱਪਾਂ ਦੀਆਂ ਮੈਂਬਰ ਮਹਿਲਾਵਾਂ ਵੱਲੋਂ ਵੀ ਦਸਤਕਾਰੀ ਦੀਆਂ ਸਟਾਲਾਂ ਲਗਾਈਆਂ ਜਾਣਗੀਆਂ।

ਨਮਨ ਮਾਰਕੰਨ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੰਜਾਬ ਸਰਕਾਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਦੀ ਇਹ ਕੋਸ਼ਿਸ਼ ਹੈ ਕਿ ਬਾਰਾਂਦਰੀ ਬਾਇਉਡਰਵਸਿਟੀ ਹੈਰੀਟੇਜ ਸਾਈਟ ਵਜੋਂ ਪਛਾਣ ਮਿਲੇ, ਇਸ ਲਈ ਇਸ ਵਿਰਾਸਤੀ ਸੈਰ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਜਾਵੇਗਾ। ਇਸ ਲਈ ਬਾਰਾਂਦਰੀ ਬਾਗ ਦੀ ਇੱਕ ਵੈਬਸਾਇਟ ਵੀ ਲਾਂਚ ਕੀਤੀ ਜਾਵੇਗੀ ਅਤੇ ਸਾਰੇ ਪੁਰਾਣੇ ਦਰਸ਼ਤਾਂ ਦੀ ਪਛਾਣ ਲਈ ਕਿਊ ਆਰ ਕੋਡ ਲਗਾਏ ਜਾ ਰਹੇ ਹਨ।

ਪਟਿਆਲਾ ਹੈਰੀਟੇਜ ਫੈਸਟੀਵਲ 2024 ਤਹਿਤ 4 ਜਨਵਰੀ ਨੂੰ ਕਰਵਾਏ ਜਾਣ ਵਾਲੇ ਬਾਰਾਂਦਰੀ ਬਾਗ ਦੀ ਵਿਰਾਸਤੀ ਸੈਰ ਦੀਆਂ ਤਿਆਰੀਆਂ ਬਾਰੇ ਬੈਠਕ ਕਰਦੇ ਹੋਏ ਆਰ.ਟੀ.ਏ. ਨਮਨ ਮਾਰਕੰਨ ਤੇ ਐਸ.ਡੀ.ਐਮ. ਨਾਭਾ ਤਰਸੇਮ ਚੰਦ।

ਉਨ੍ਹਾਂ ਨੇ ਸਮੂਹ ਪੰਜਾਬੀਆਂ ਤੇ ਖਾਸ ਕਰਕੇ ਪਟਿਆਲਵੀਆਂ ਨੂੰ ਇਨ੍ਹਾਂ ਸਮਾਗਮਾਂ ਦਾ ਆਨੰਦ ਮਾਣਨ ਲਈ ਖੁੱਲ੍ਹਾ ਸੱਦਾ ਦਿੱਤਾ ਤੇ ਕਿਹਾ ਕਿ ਇਸ ਲਈ ਦਾਖਲਾ ਫਰੀ ਹੋਵੇਗਾ। ਮੀਟਿੰਗ 'ਚ ਪਟਿਆਲਾ ਫਾਊਂਡੇਸ਼ਨ ਤੋਂ ਰਵੀ ਆਹਲੂਵਾਲੀਆ, ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ ਕੰਟਰੋਲਰ ਡਾ. ਰਵਿੰਦਰ ਕੌਰ, ਏ.ਸੀ.ਐਫ.ਏ. ਰਾਕੇਸ਼ ਕੁਮਾਰ, ਬਾਗਬਾਨੀ ਵਿਕਾਸ ਅਫ਼ਸਰ ਕੁਲਵਿੰਦਰ ਸਿੰਘ, ਜ਼ਿਲ੍ਹਾ ਐਪੀਡੋਮਲੋਜਿਸਟ ਡਾ. ਸੁਮੀਤ ਸਿੰਘ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

ਸਮਾਣਾ ਸਬ ਡਿਵੀਜ਼ਨ ਤੇ 1 ਕਰੋੜ 40 ਲੱਖ ਦੇ ਕਰੀਬ ਨਸ਼ਾ ਤਸਕਰਾਂ ਦੀ ਪ੍ਰਾਪਰਟੀ ਕੀਤੀ ਸੀਲ : ਨੇਹਾ ਅਗਰਵਾਲ

ਸਮਾਣਾ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਣਾ ਪੁਲਿਸ ਨੇ ਨਸ਼ਾ ਤਸਕਰਾਂ ਦੇ ਵਿਰੁੱਧ ਵੱਡੀ ਕਾਰਵਾਈ ਕਰਦਿਆਂ ਪਿੰਡ ਮੁਰਾਦਪੁਰਾ ਦੇ ਨਸ਼ਾ ਤਕਸਰਾ ਦੇ ਨੋਟਿਸ ਲਗਾ ਕੇ ਘਰ ਕੀਤੇ ਸੀਲ ਮਾਨਯੋਗ ਸ੍ਰ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਅਤੇ ਸ਼੍ਰੀ ਗੌਰਵ ਯਾਦਵ ਡੀ.ਜੀ.ਪੀ ਪੰਜਾਬ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਡੀ ਐਸ ਪੀ ਨੇਹਾ ਅਗਰਵਾਲ ਅਤੇ ਥਾਣਾ ਸਿਟੀ ਪੁਲਿਸ ਦੇ ਇੰਚਾਰਜ ਜੀ.ਐਸ ਸਿਕੰਦ ਵੱਲੋਂ ਪੁਲਿਸ ਦੀਆ ਵੱਖ-ਵੱਖ ਟੀਮਾਂ ਬਣਾ ਕੇ ਜਿੱਥੇ ਨਾਕਾਬੰਦੀ ਕੀਤੀ ਅਤੇ ਸ਼ੱਕੀ ਪੁਰਸ਼ਾਂ ਤੇ ਟਿਕਾਣਿਆ ਤੇ ਸਰਚ ਆਪ੍ਰੇਸ਼ਨ ਚਲਾਇਆ ਉੱਥੇ ਹੀ ਪੁਲਿਸ ਟੀਮਾਂ ਵੱਲੋਂ ਪਿੰਡ ਦੇ ਲੋਕਾਂ ਨਾਲ ਸਿੱਧਾ ਰਾਬਤਾ ਬਣਾਉਂਦਿਆ ਨਸ਼ਿਆ ਵਿਰੁੱਧ ਜਾਗਰੂਕਤਾ ਸੈਮੀਨਾਰ ਆਯੋਜਿਤ ਕੀਤੇ ਜਾ ਰਹੇ ਹਨ ਅਤੇ ਨਾਲ ਹੀ ਨਸ਼ੇ ਵੇਚਣ ਵਾਲੇ ਸੌਦਾਗਰਾਂ ਖਿਲਾਫ ਸਖਤ ਕਾਰਵਾਈ ਕਰਕੇ ਉਹਨਾਂ ਨੂੰ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ।

ਇਸੇ ਤਹਿਤ ਤਸਕਰਾ ਖਿਲਾਫ ਕਾਰਵਾਈ ਕਰਦਿਆਂ ਕਮਰਸ਼ੀਅਲ ਮਾਤਰਾ ਦੇ ਮੁਜਰਮਾ ਦੇ ਘਰ ਸੀਲ ਕੀਤੇ ਗਏ। ਇਸ ਮੌਕੇ ਡੀ.ਐੱਸ.ਪੀ ਨੇਹਾ ਅਗਰਵਾਲ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਅੱਜ ਪਿੰਡ ਮੁਰਾਦਪੁਰਾ ਵਿਖੇ ਸ਼ਰਨੋ ਕੌਰ ਦੀ 16 ਲੱਖ ਰੁਪਏ ਦੀ ਪ੍ਰੋਪਰਟੀ ਸੀਲ ਕੀਤੀ ਗਈ ਗੁਰਮੀਤ ਕੌਰ ਦੀ 17 ਲੱਖ 50 ਹਜਾਰ ਰੁਪਏ ਦੀ ਪ੍ਰੋਪਰਟੀ ਸੀਲ ਕੀਤੀ ਗਈ ਉਹਨਾਂ ਦੱਸਿਆ ਕਿ ਪਿੰਡ ਗਾਜੇਵਾਸ ਵਿਖੇ ਇੱਕ ਦੁਕਾਨ ਕ੍ਰਿਸ਼ਨਾ ਰਾਣੀ ਦੀ 29 ਲੱਖ ਰੁਪਏ ਦੀ ਪ੍ਰੋਪਰਟੀ ਸੀਲ ਕੀਤੀ ਗਈ ਹੈ ਨੇਹਾ ਅਗਰਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਨਸ਼ਾ ਵਿਰੋਧੀ ਸ਼ਿਕੰਜਾ ਕੱਸ ਰਹੀ ਹੈ ਕੋਈ ਵੀ ਨਸ਼ਾ ਤਸਕਰ ਬਖਸ਼ਿਆ ਨਹੀਂ ਜਾਵੇਗਾ ਪੰਜਾਬ ਦੇ ਡੀ ਜੀ ਪੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਐਸ ਐਸ ਪੀ ਪਟਿਆਲਾ ਸ੍ਰੀ ਵਰੁਣ ਸ਼ਰਮਾ ਦੀ ਨਿਗਰਾਨੀ ਹੇਠ ਇਹ ਪ੍ਰੋਪਰਟੀ ਸੀਲ ਕਰਕੇ ਘਰ ਬਾਹਰ ਨੋਟਿਸ ਲਗਾ ਦਿੱਤੇ ਹਨ ਤਾਂ ਕਿ ਇਹਨਾਂ ਪ੍ਰੋਪਟੀਆਂ ਨੂੰ ਕੋਈ ਨਾ ਖਰੀਦੇ ਸਮਾਣਾ ਸਬ ਡਿਵੀਜ਼ਨ ਵਿੱਚ ਇਕ ਕਰੋੜ 40 ਲੱਖ ਰੁਪਏ ਦੀ ਹੁਣ ਤੱਕ ਪ੍ਰੋਪਰਟੀ ਸੀਲ ਕਰ ਚੁੱਕੇ ਹਾਂ ਨਸ਼ਾ ਤਸਕਰਾਂ ਖਿਲਾਫ ਇਸ ਸਖਤਾਈ ਲਗਾਤਾਰ ਜਾਰੀ ਰਹੇਗੀ ਇਸ ਮੌਕੇ ਥਾਣਾ ਸਦਰ ਤੇ ਇੰਚਾਰਜ ਰੌਣੀ ਸਿੰਘ ਏ ਐਸ ਆਈ ਗੁਰਬਖਸ਼ ਸਿੰਘ ਤੋ ਇਲਾਵਾ ਹੋਰ ਵੀ ਪੁਲਿਸ ਕਰਮਚਾਰੀ ਹਾਜ਼ਰ ਸਨ।

ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਟੈਕਸੀ ਚਾਲਕਾਂ ਨੂੰ ਟਰੈਫਿਕ ਨਿਯਮਾਂ ਬਾਰੇ ਜਾਗਰੂਕ ਕੀਤਾ

ਮਾਛੀਵਾੜਾ ਸਾਹਿਬ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਜ ਸੇਵੀ ਕਾਰਜਾਂ ਵਿੱਚ ਮੋਹਰੀ ਸੰਸਥਾ ਮਾਛੀਵਾੜਾ ਸਾਹਿਬ ਸੋਸ਼ਲ ਵੈਲਫੇਅਰ ਸੁਸਾਇਟੀ (ਐਨ.ਜੀ.ਓ) ਵੱਲੋਂ ਸਥਾਨਕ ਜਨਤਾ ਟੈਕਸੀ ਸਟੈਂਡ ਵਿਖੇ ਟ੍ਰੈਫਿਕ ਅਤੇ 112 ਬਾਰੇ ਜਾਗਰੂਕ ਕੀਤਾ ਅਤੇ ਰਿਫਲੈਕਟਰ ਲਗਾਏ ਗਏ। ਇਸ ਮੌਕੇ ਐੱਨ.ਜੀ.ਓ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਨੇ ਕਿਹਾ ਕਿ ਸਾਨੂੰ ਅਪਣੀ ਅਤੇ ਅਪਣੇ ਪਰਿਵਾਰ ਦੀ ਸੁਰੱਖਿਆ ਲਈ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਉਨਾਂ ਕਿਹਾ ਕਿ ਸਾਨੂੰ ਅਪਣੇ ਵਹੀਕਲਾਂ ਦੇ ਦਸਤਾਵੇਜ ਮੁਕੰਮਲ ਰੱਖਣੇ ਚਾਹੀਦੇ ਹਨ ਉਥੇ ਹੀ ਗੱਡੀ ਚਲਾਉਣ ਸਮੇਂ ਸੀਟ ਬੈਲਟ, ਦੋਪਹੀਆ ਵਾਹਨ ਚਲਾਉਣ ਸਮੇਂ ਹੈਲਮੇਟ ਪਹਿਨਣਾ ਚਾਹੀਦਾ ਹੈ ਤਾਂ ਜੋ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ।

ਉਨਾਂ ਨੇ ਅਪਣੀ ਐੱਨ.ਜੀ.ਓ ਟੀਮ ਨਾਲ ਮਿਲ ਕੇ ਟੈਕਸੀ ਸਟੈਂਡ ਦੀਆਂ ਗੱਡੀਆਂ ਤੇ ਰਿਫਲੈਕਟਰ ਵੀ ਲਗਾਏ। ਇਸ ਮੌਕੇ ਜਗਦੀਸ਼ ਚਾਨਣਾ, ਮਿੰਕੂ ਹੰਸ, ਪਰਮਦੀਪਪਾਲ ਸਿੰਘ, ਲਾਲੀ ਪਾਮੇ, ਜਗਤਾਰ ਸਿੰਘ, ਨੀਰਜ ਮੱਟੂ ਤੇ ਟੈਕਸੀ ਡਰਾਈਵਰ ਵੀ ਹਾਜ਼ਰ ਸਨ।

ਸਰਕਾਰੀ ਕਾਲਜ ਮਾਛੀਵਾੜਾ ਵਿਖੇ ਵਿਦਿਆਰਥੀਆਂ ਨੂੰ ਵੈਬਸਾਈਟ ਬਣਾਉਣ ਸਬੰਧੀ ਦਿੱਤੀ ਜਾਣਕਾਰੀ

ਮਾਛੀਵਾੜਾ ਸਾਹਿਬ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰੀ ਕਾ

ਰਾਸ਼ਨ ਕਾਰਡ ਬਹਾਲ ਹੋਣ ਨਾਲ ਪੰਜਾਬ ਦੇ ਖਜ਼ਾਨੇ 'ਤੇ ਪਵੇਗਾ 200 ਕਰੋੜ ਦਾ ਬੋਝ

ਹੁਣ 2.75 ਲੱਖ ਸਮਾਰਟ ਰਾਸ਼ਨ ਕਾਰਡ ਧਾਰਕਾਂ ਨੂੰ ਵੀ ਮਿਲੇਗਾ ਆਟਾ

ਚੰਡੀਗੜ੍ਹ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੇ ਖਜ਼ਾਨੇ ਨੂੰ ਬਹਾਲ ਕੀਤੇ ਰਾਸ਼ਨ ਕਾਰਡ ਸਾਲਾਨਾ ਕਰੀਬ 200 ਕਰੋੜ ਰੁਪਏ ਵਿਚ ਪੈਣਗੇ। ਪੰਜਾਬ ਕੈਬਨਿਟ ਨੇ ਲੰਘੇ ਦਿਨੀਂ 2.75 ਲੱਖ ਸਮਾਰਟ ਰਾਸ਼ਨ ਕਾਰਡ ਬਹਾਲ ਕੀਤੇ ਹਨ ਅਤੇ ਇਸ ਬਹਾਲੀ ਨਾਲ 10.77 ਲੱਖ ਲਾਭਪਾਤਰੀਆਂ ਨੂੰ ਲਾਭ ਪਹੁੰਚੇਗਾ। ਖੁਰਾਕ ਤੇ ਸਪਲਾਈ ਵਿਭਾਗ ਨੇ 2022-23 ਦੌਰਾਨ ਇਨ੍ਹਾਂ ਰਾਸ਼ਨ ਕਾਰਡਾਂ ਨੂੰ ਅਯੋਗ ਐਲਾਨ ਦਿੱਤਾ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਸੀ ਕਿ ਬਹਾਲ ਹੋਏ ਰਾਸ਼ਨ ਕਾਰਡਾਂ 'ਤੇ ਫੌਰੀ ਕਣਕ ਜਾਂ ਆਟੇ ਦੀ ਸਪਲਾਈ ਦਿੱਤੀ ਜਾਵੇਗੀ।

ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਲਈ ਹੁਣ ਮੁਸ਼ਕਲ ਇਹ ਖੜ੍ਹੀ ਹੋਈ ਹੈ ਕਿ ਬਹਾਲ ਹੋਏ ਰਾਸ਼ਨ ਕਾਰਡਾਂ ਵਾਸਤੇ ਸੀਜ਼ਨ ਦੌਰਾਨ ਕਣਕ ਦੀ ਖਰੀਦ ਨਹੀਂ ਕੀਤੀ ਗਈ ਹੈ ਅਤੇ ਨਾ ਹੀ ਗੁਦਾਮਾਂ ਵਿਚ ਕਣਕ ਹੈ। ਕੇਂਦਰ ਸਰਕਾਰ ਨੇ ਕੌਮੀ ਖੁਰਾਕ ਸੁਰੱਖਿਆ ਮਿਸ਼ਨ ਤਹਿਤ ਇਨ੍ਹਾਂ ਕੱਟੇ ਹੋਏ 2.75 ਲੱਖ ਰਾਸ਼ਨ ਕਾਰਡਾਂ ਵਾਸਤੇ ਕਣਕ ਦੀ ਐਲੋਕੇਸ਼ਨ ਵੀ ਨਹੀਂ ਕੀਤੀ ਹੈ। ਹੁਣ ਜਨਵਰੀ ਤੋਂ ਜੋ ਮਾਸਿਕ ਆਟਾ ਦਿੱਤਾ ਜਾਣਾ ਹੈ, ਉਸ ਵਿਚ ਬਹਾਲ ਕੀਤੇ ਰਾਸ਼ਨ ਕਾਰਡ ਵੀ ਸ਼ਾਮਲ ਕੀਤੇ ਜਾਣਗੇ।

ਅਹਿਮ ਸੂਤਰਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਜਨਵਰੀ ਤੋਂ ਮਾਰਚ ਤੱਕ ਬਹਾਲ ਕੀਤੇ ਰਾਸ਼ਨ ਕਾਰਡਾਂ 'ਤੇ ਆਟੇ ਦੀ ਸਪਲਾਈ ਦੇਵੇਗੀ ਅਤੇ ਇਹ ਜ਼ਿੰਮਾ ਮਾਰਕਫੈੱਡ ਨੂੰ ਸੌਂਪਿਆ ਗਿਆ ਹੈ। ਅਪਰੈਲ ਵਿਚ ਨਵੀਂ ਕਣਕ ਦੀ ਖਰੀਦ ਹੋਵੇਗੀ ਜਿਸ ਤਹਿਤ ਬਹਾਲ ਕੀਤੇ ਰਾਸ਼ਨ ਕਾਰਡਾਂ ਲਈ ਵੀ ਕਣਕ ਖਰੀਦ ਕੀਤੀ ਜਾਵੇਗੀ। ਜੇ ਸਰਕਾਰ ਬਹਾਲ ਕੀਤੇ 10.77 ਲੱਖ ਲਾਭਪਾਤਰੀਆਂ ਨੂੰ ਆਟੇ ਦੀ ਸਪਲਾਈ ਦਿੰਦੀ ਹੈ ਤਾਂ ਪ੍ਰਤੀ ਮਹੀਨਾ 15 ਤੋਂ 20 ਕਰੋੜ ਰੁਪਏ ਦਾ ਖਰਚਾ ਆਵੇਗਾ। ਸਾਲਾਨਾ ਖਰਚਾ 200 ਕਰੋੜ ਨੂੰ ਪਾਰ ਕਰ ਜਾਵੇਗਾ। ਕੇਂਦਰ ਸਰਕਾਰ ਨੇ ਜੋ ਕਣਕ ਦੀ ਐਲੋਕੇਸ਼ਨ ਇਸ ਸਕੀਮ ਤਹਿਤ ਕੀਤੀ ਹੈ, ਉਸ ਵਿਚ 1.41 ਕਰੋੜ ਲਾਭਪਾਤਰੀ ਹੀ ਕਵਰ ਹੁੰਦੇ ਹਨ ਜਦੋਂ ਕਿ ਬਹਾਲ ਕੀਤੇ ਰਾਸ਼ਨ ਕਾਰਡਾਂ ਮਗਰੋਂ ਲਾਭਪਾਤਰੀਆਂ ਦਾ ਅੰਕੜਾ 1.57 ਕਰੋੜ ਬਣ ਗਿਆ ਹੈ। ਕਰੀਬ 16 ਲੱਖ ਲਾਭਪਾਤਰੀਆਂ ਦਾ ਭਾਰ ਸੂਬਾ ਸਰਕਾਰ ਨੂੰ ਚੁੱਕਣਾ ਪੈਣਾ ਹੈ। ਕਾਂਗਰਸ ਸਰਕਾਰ ਨੇ ਸਾਲ 2017-18 ਵਿਚ ਆਟਾ-ਦਾਲ ਸਕੀਮ ਦੇ ਸਾਰੇ ਰਾਸ਼ਨ ਕਾਰਡਾਂ ਨੂੰ ਨਵੇਂ ਸਿਰਿਓਂ ਬਣਾਇਆ ਸੀ ਅਤੇ ਇਸ ਨੂੰ ਸਮਾਰਟ ਰਾਸ਼ਨ ਕਾਰਡ ਦਾ ਨਾਮ ਦਿੱਤਾ ਗਿਆ ਸੀ।

ਚੋਣਾਂ ਮਗਰੋਂ ਹੋਵੇਗਾ ਸਰਵੇਖਣ

ਪੰਜਾਬ ਸਰਕਾਰ ਲੋਕ ਸਭਾ ਚੋਣਾਂ ਮਗਰੋਂ ਸਾਰੇ ਰਾਸ਼ਨ ਕਾਰਡਾਂ ਦਾ ਸਰਵੇਖਣ ਕਰਾਏਗੀ ਜਿਸ ਵਾਸਤੇ 35 ਨੁਕਤਿਆਂ ਵਾਲਾ ਪ੍ਰੋਫਾਰਮਾ ਤਿਆਰ ਕੀਤਾ ਗਿਆ ਹੈ।

ਇਹ ਸਰਵੇਖਣ ਸਮਾਜਿਕ ਆਧਾਰ 'ਤੇ ਕੀਤਾ ਜਾਵੇਗਾ ਅਤੇ ਇਸ ਸਰਵੇਖਣ ਤਹਿਤ ਸਮਾਜਿਕ ਆਧਾਰ 'ਤੇ ਨਵੇਂ ਲਾਭਪਾਤਰੀ ਸ਼ਾਮਲ ਕੀਤੇ ਜਾਣਗੇ। ਅਜਿਹੇ ਲਾਭਪਾਤਰੀਆਂ ਨੂੰ ਸ਼ਰਤਾਂ ਤੋਂ ਛੋਟ ਦਿੱਤੀ ਜਾਵੇਗੀ। ਪਿੰਡ ਪੱਧਰ 'ਤੇ ਇਸ ਸਰਵੇਖਣ ਤਹਿਤ ਵੈਰੀਫਿਕੇਸ਼ਨ ਅੱਠ ਮੈਂਬਰੀ ਪਿੰਡ ਪੱਧਰੀ ਕਮੇਟੀ ਕਰੇਗੀ। ਇਸ ਸਰਵੇਖਣ ਵਿਚ ਨਵੇਂ ਲਾਭਪਾਤਰੀ ਵੀ ਸ਼ਾਮਲ ਹੋਣਗੇ।

ਮਾਨ ਸਰਕਾਰ ਦੇ ਫੈਸਲਿਆਂ ਨਾਲ ਲੋਕਾਂ ਵਿਚ ਖੁਸ਼ੀ ਦਾ ਮਾਹੌਲ : ਰਣਜੋਧ ਸਿੰਘ ਹਡਾਣਾ

ਪਟਿਆਲਾ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਬੀਤੇ ਦਿਨੀਂ ਮਾਨ ਸਰਕਾਰ ਵਲੋ ਲੋਕ ਹਿੱਤ ਵਿੱਚ ਲਏ ਗਏ ਫੈਸਲਿਆਂ ਨੂੰ ਲੈ ਕੇ ਪੰਜਾਬ ਵਾਸੀਆਂ ਵਿਚ ਖੁਸ਼ੀ ਦਾ ਮਾਹੌਲ ਹੈ। ਇਸੇ ਸੰਬੰਧ ਵਿਚ ਪਟਿਆਲਾ ਵਾਸੀ ਸੂਬਾ ਸਕੱਤਰ ਪੰਜਾਬ ਅਤੇ ਚੇਅਰਮੈਨ ਪੀ ਆਰ ਟੀ ਸੀ ਰਣਜੋਧ ਸਿੰਘ ਹਡਾਣਾ ਨੂੰ ਵਧਾਈਆ ਦੇਣ ਲਈ ਉਨ੍ਹਾ ਦੇ ਦਫ਼ਤਰ ਵਿਖੇ ਪੁੱਜੇ।

ਦੱਸਣਯੋਗ ਹੈ ਕਿ ਮਾਨ ਸਰਕਾਰ ਵਲੋ ਗਣਤੰਤਰ ਦਿਵਸ ਮੌਕੇ ਕਈ ਤਰ੍ਹਾਂ ਦੇ ਅਹਿਮ ਐਲਾਨ ਕੀਤੇ ਗਏ ਹਨ ਜਿਨ੍ਹਾਂ ਵਿੱਚ ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਚ ਦਵਾਈਆਂ ਅੰਦਰੋ ਹੀ ਮਿਲਣਾ, ਕੱਟੇ ਗਏ 10 ਲੱਖ 77 ਹਜ਼ਾਰ ਰਾਸ਼ਨ ਕਾਰਡ ਮੁੜ ਤੋਂ ਬਹਾਲ, ਸਾਬਕਾ ਫੌਜੀਆਂ ਦੀਆਂ ਵਿਧਵਾਵਾਂ ਦੀ ਪੈਨਸ਼ਨ ਵਧਾ ਕੇ ਦੱਸ ਹਜ਼ਾਰ, ਰਾਸ਼ਨ ਦੀ ਜਲਦ ਸ਼ੁਰੂ ਕੀਤੀ ਜਾਵੇਗੀ ਡੋਰ ਸਟੈਪ ਡਿਲਵਰੀ, ਫਰਿਸ਼ਤੇ ਸਕੀਮ ਨੂੰ ਦਿੱਤੀ ਮਨਜ਼ੂਰੀ, ਪੀ ਪੀ ਐਸ ਸੀ ਦੇ ਚੈਅਰਮੈਨ ਜਤਿੰਦਰ ਔਲਖ ਦੀ ਨਿਯੁਕਤੀ ਤੇ ਮੋਹਰ ਅਤੇ ਪੰਜਾਬ ਦੇ ਲੋਕਾਂ ਨੂੰ ਸੜਕੀ ਹਾਦਸਿਆਂ ਦੌਰਾਨ ਸਹੂਲਤ ਦੇਣ ਲਈ ਨਵੀਂ ਐਸ ਐਸ ਫੋਰਸ ਆਦਿ ਸ਼ਾਮਲ ਹਨ।

ਇਸ ਮੌਕੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਮਾਨ ਸਰਕਾਰ ਦੇ ਫੈਸਲਿਆਂ ਦੀ ਸ਼ਲਾਘਾ ਕਰਦਿਆ ਕਿਹਾ ਕਿ ਆਪ ਸਰਕਾਰ ਸੱਤਾ ਵਿੱਚ ਆਉਣ ਤੋਂ ਪਹਿਲਾ ਕੀਤੇ ਵਾਅਦਿਆ ਤੇ ਖਰੀ ਉੱਤਰ ਰਹੀ ਹੈ। ਲੋਕਾਂ ਵੱਲੋਂ ਕੀਤੇ ਗਏ ਵਿਸ਼ਵਾਸ ਤੇ ਖਰ੍ਹਾਂ ਉਤਰਨ ਲਈ ਮਾਨ ਸਰਕਾਰ ਵੱਲੋਂ ਅਫਸਰਸ਼ਾਹੀ ਨੂੰ ਲੋਕਾਂ ਵਿੱਚ ਆਪ ਜਾ ਕੇ ਕੰਮ ਕਰਵਾਉਣ ਲਈ ਨਿਰਦੇਸ਼ ਦਿੱਤੇ ਗਏ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ ਹਰਨੇਕ ਸਿੰਘ ਜਿਲ੍ਹਾ ਪ੍ਰਧਾਨ ਬੁੱਧੀਜੀਵੀ ਵਿੰਗ, ਰਾਜਵਿੰਦਰ ਸਿੰਘ ਰਾਜਾ ਧੰਜੂ ਜਿਲ੍ਹਾਂ ਪ੍ਰਧਾਨ ਬੀ ਸੀ ਵਿੰਗ, ਅਰਵਿੰਦਰ ਸਿੰਘ ਜਿਲ੍ਹਾ ਮੀਡੀਆ ਇੰਚਾਰਜ, ਹਰਪਿੰਦਰ ਸਿੰਘ ਚੀਮਾ, ਗੁਰਿੰਦਰ ਸਿੰਘ ਅਦਾਲਤੀਵਾਲਾ, ਲਾਲੀ ਰਹਿਲ, ਮਨਿੰਦਰ ਸਿੰਘ, ਹਰਵਿੰਦਰ ਸਿੰਘ, ਗੁਰਸੇਵਕ ਸਿੰਘ, ਗੁਰਪ੍ਰੀਤ ਸਿੰਘ ਮੌਜੂਦ ਰਹੇ।

ਡੀ.ਟੀ.ਐੱਫ ਦੀ 34ਵੀਂ ਵਜ਼ੀਫ਼ਾ ਪ੍ਰੀਖਿਆ ਸਫਲਤਾ ਪੂਰਵਕ ਸੰਪੰਨ

ਸੰਗਰੂਰ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਡੀ.ਟੀ.ਐੱਫ. ਸੰਗਰੂਰ ਦੀ 34ਵੀਂ ਵਜ਼ੀਫ਼ਾ ਪ੍ਰੀਖਿਆ ਅੱਜ ਸੂਬਾ ਸਕੱਤਰ ਬਲਵੀਰ ਲੌਂਗੋਵਾਲ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਵੱਖ-ਵੱਖ ਪ੍ਰੀਖਿਆ ਕੇਂਦਰਾਂ ਵਿੱਚ ਸਫਲਤਾ ਪੂਰਵਕ ਸੰਪੰਨ ਹੋ ਗਈ ਹੈ। ਡੀ.ਟੀ.ਐੱਫ. ਵੱਲੋਂ ਪਿਛਲੇ 34 ਸਾਲਾਂ ਤੋਂ ਲਗਾਤਾਰ ਇਸ ਪ੍ਰੀਖਿਆ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਪ੍ਰੀਖਿਆ ਕਿਸੇ ਮਹਾਨ ਸ਼ਖਸ਼ੀਅਤ ਜਾਂ ਕਿਸੇ ਮਹਾਨ ਵਰਤਾਰੇ ਨੂੰ ਸਮਰਪਿਤ ਹੁੰਦੀ ਹੈ ਤਾਂ ਕਿ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਨੂੰ ਉਸ ਸ਼ਖਸ਼ੀਅਤ ਜਾਂ ਵਰਤਾਰੇ ਬਾਰੇ ਜਾਣੂੰ ਕਰਵਾਇਆ ਜਾ ਸਕੇ। ਇਸ ਸਾਲ ਇਹ ਪ੍ਰੀਖਿਆ ਮਹਾਨ ਪੱਤਰਕਾਰ ਅਤੇ ਆਜ਼ਾਦੀ ਘੁਲਾਟੀਏ ਗਣੇਸ਼ ਸ਼ੰਕਰ ਵਿਦਿਆਰਥੀ ਨੂੰ ਸਮਰਪਿਤ ਰਹੀ। ਇਸ ਸਮੇਂ ਵਧੇਰੇ ਜਾਣਕਾਰੀ ਦਿੰਦਿਆ ਡੀ.ਟੀ.ਐੱਫ. ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ ਅਤੇ ਸਕੱਤਰ ਹਰਭਗਵਾਨ ਗੁਰਨੇ ਨੇ ਦੱਸਿਆ ਕਿ ਪ੍ਰੀਖਿਆ ਵਿੱਚ ਇਸ ਸਾਲ ਵੀ ਹਰ ਸਾਲ ਦੀ ਤਰ੍ਹਾਂ ਵਿਦਿਆਰਥੀਆਂ ਨੇ ਭਾਰੀ ਉਤਸ਼ਾਹ ਨਾਲ ਭਾਗ ਲਿਆ। ਪੰਜਵੀਂ, ਅੱਠਵੀਂ,ਦਸਵੀਂ ਤੇ ਬਾਰ੍ਹਵੀਂ ਜਮਾਤ ਦੇ ਕੁੱਲ 3505 ਵਿਦਿਆਰਥੀਆਂ ਨੇ ਲਿਆ ਭਾਗ। ਆਗੂਆਂ ਨੇ ਦੱਸਿਆ ਕਿ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਪਟਿਆਲਾ ਤੇ ਜਲੰਧਰ ਜ਼ਿਲ੍ਹਿਆਂ ਦੇ ਵਿਦਿਆਰਥੀਆਂ ਦੀ ਮੰਗ 'ਤੇ ਜ਼ਿਲ੍ਹਾ ਕਮੇਟੀ ਨੇ ਇਹਨਾਂ ਜ਼ਿਲ੍ਹਿਆਂ ਦੇ ਵਿਦਿਆਰਥੀਆਂ ਲਈ ਪ੍ਰੀਖਿਆ ਦਾ ਇੰਤਜ਼ਾਮ ਕੀਤਾ। ਇਹਨਾਂ ਜ਼ਿਲ੍ਹਿਆਂ ਦੇ ਕੁੱਲ 570. ਵਿਦਿਆਰਥੀਆਂ ਨੇ ਭਾਗ ਲਿਆ। ਇਹਨਾਂ ਜ਼ਿਲ੍ਹਿਆਂ ਵਿੱਚ ਡੀ.ਟੀ.ਐੱਫ. ਦੇ ਸੀਨੀਅਰ ਆਗੂਆਂ ਤਰਸੇਮ ਲਾਲ ਧੂਰੀ ਤੇ ਉਨ੍ਹਾਂ ਸੁਰਿੰਦਰ ਬਨਾਰਸੀ ਜੀ ਦੇ ਪ੍ਰਬੰਧ ਹੇਠ ਇਹ ਪ੍ਰੀਖਿਆ ਹੋਈ। ਆਪਣੇ ਪੜ੍ਹਨ ਸਮੇਂ ਡੀ.ਟੀ.ਐੱਫ. ਦੀ ਵਜ਼ੀਫ਼ਾ ਪ੍ਰੀਖਿਆ ਦੇ ਇਨਾਮ ਜੇਤੂ ਮਾਪਿਆਂ ਨੇ ਆਪਣੇ ਬੱਚਿਆਂ ਨੂੰ ਇਸ ਪ੍ਰੀਖਿਆ ਵਿੱਚ ਭਾਗ ਦਵਾਉਂਦੇ ਹੋਏ ਮਾਣ ਮਹਿਸੂਸ ਕੀਤਾ। ਆਗੂਆਂ ਨੇ ਕਿਹਾ ਕਿ ਇਸ ਉੱਦਮ ਰਾਹੀਂ ਅਧਿਆਪਕਾਂ ਦੀ ਜਥੇਬੰਦੀ ਡੀ.ਟੀ.ਐੱਫ. ਵਿਦਿਆਰਥੀਆਂ ਨੂੰ ਰੱਟੇ ਅਤੇ ਨਕਲ ਦੀਆਂ ਬੁਰਾਈਆਂ ਤੋਂ ਰਹਿਤ,ਉੱਚੇ ਮਿਆਰ ਦੀ ਅਤੇ ਸਕਾਰਾਤਮਕ ਮੁਕਾਬਲੇ ਦੀ ਪ੍ਰੀਖਿਆ ਦਾ ਪ੍ਰਬੰਧ ਕਰਦੀ ਹੈ। ਜਥੇਬੰਦੀ ਉਹਨਾਂ ਨੂੰ ਆਪਣੇ ਮਹਾਨ ਇਨਕਲਾਬੀ ਵਿਰਸੇ ਨਾਲ ਜੋੜਨ, ਉਹਨਾਂ ਵਿੱਚ ਅਗਾਂਹ-ਵਧੂ, ਧਰਮ-ਨਿਰਪੱਖ, ਵਿਗਿਆਨਕ ਤੇ ਸਮਾਜਿਕ ਬਰਾਬਰੀ ਦੀਆਂ ਕਦਰਾਂ-ਕੀਮਤਾਂ ਪੈਦਾ ਕਰਨ ਦਾ ਯਤਨ ਕਰਦੀ ਹੈ ਤਾਂ ਕਿ ਉਹ ਭਵਿੱਖ ਵਿੱਚ ਵਧੀਆ ਨਾਗਰਿਕ ਦੇ ਤੌਰ 'ਤੇ ਵਿਕਸਿਤ ਹੋਣ।

ਉਹਨਾਂ ਕਿਹਾ ਕਿ ਸਰਕਾਰੀ ਅਤੇ ਪ੍ਰਾਈਵੇਟ ਸਕੂਲ ਦੇ ਵਿਦਿਆਰਥੀਆਂ ਨੂੰ ਅਲੱਗ-ਅਲੱਗ ਕੈਟਾਗਰੀਆਂ ਵਿੱਚ ਰੱਖ ਕੇ ਹਰੇਕ ਕੈਟਾਗਰੀ ਦੇ ਜਮਾਤਵਾਰ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਨਕਦ ਰਾਸ਼ੀ ਦੇ ਰੂਪ ਵਿੱਚ ਵਜ਼ੀਫ਼ਾ ਅਤੇ ਹੋਰ ਇਨਾਮ ਦਿੱਤੇ ਜਾਣਗੇ। ਇਸ ਤੋਂ ਇਲਾਵਾ ਹਰੇਕ ਕੈਟਾਗਰੀ ਦੇ ਜਮਾਤਵਾਰ ਅਗਲੀਆਂ ਦਸ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਹੌਸਲਾ-ਵਧਾਊ ਇਨਾਮ ਦਿੱਤੇ ਜਾਣਗੇ। ਪਟਿਆਲਾ ਤੇ ਜਲੰਧਰ ਜ਼ਿਲ੍ਹੇ ਦੇ ਵਿਦਿਆਰਥੀਆਂ ਦੀ ਅਲੱਗ ਮੈਰਿਟ ਸੂਚੀ ਬਣਾਈ ਜਾਵੇਗੀ ਅਤੇ ਉਸ ਅਨੁਸਾਰ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਹੌਸਲਾ-ਵਧਾਊ ਇਨਾਮ ਦਿੱਤੇ ਜਾਣਗੇ। ਅੰਤ ਵਿੱਚ ਸ੍ਰੀ ਨਮੋਲ ਨੇ ਪ੍ਰੀਖਿਆ ਨੂੰ ਸਿਰੇ ਚੜ੍ਹਾਉਣ ਲਈ ਤਨਦੇਹੀ ਨਾਲ ਯੋਗਦਾਨ ਦੇਣ ਵਾਲੇ ਸਾਰੇ ਅਧਿਆਪਕਾਂ ਦਾ ਧੰਨਵਾਦ ਕੀਤਾ।

ਕੈਬਨਿਟ ਮੰਤਰੀ ਦੀ ਅਗਵਾਈ ਹੇਠ ਛਾਜਲੀ ਵਿਖੇ ਝਾਕੀਆਂ ਦਾ ਸ਼ਾਨਦਾਰ ਸਵਾਗਤ

ਦਿੜ੍ਹਬਾ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ ਪੰਜਾਬੀਆਂ ਵੱਲੋਂ ਪਾਏ ਗਏ ਬੇਮਿਸਾਲ ਯੋਗਦਾਨ ਅਤੇ ਪੰਜਾਬ ਦੇ ਗੌਰਵਮਈ ਵਿਰਸੇ ਬਾਰੇ ਜਾਗਰੂਕ ਕਰਨ ਲਈ ਤਿਆਰ ਕਰਵਾਈਆਂ ਗਈਆਂ ਤਿੰਨ ਝਾਕੀਆਂ ਦਾ ਅੱਜ ਛਾਜਲੀ ਵਿਖੇ ਪਹੁੰਚਣ ਮੌਕੇ ਸ਼ਾਨਦਾਰ ਸਵਾਗਤ ਕੀਤਾ ਗਿਆ। ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਅੱਜ ਛਾਜਲੀ ਵਿਖੇ ਉਪ ਮੰਡਲ ਮੈਜਿਸਟਰੇਟ ਸੁਨਾਮ ਪ੍ਰਮੋਦ ਸਿੰਗਲਾ, ਕੈਬਨਿਟ ਮੰਤਰੀ ਦੇ ਓ.ਐਸ.ਡੀ ਤਪਿੰਦਰ ਸਿੰਘ ਸੋਹੀ, ਨਾਇਬ ਤਹਿਸੀਲਦਾਰ ਅਮਿਤ ਸ਼ਰਮਾ ਸਮੇਤ ਵੱਡੀ ਗਿਣਤੀ ਸ਼ਖ਼ਸੀਅਤਾਂ ਅਤੇ ਵਰਕਰਾਂ ਨੇ ਇਨ੍ਹਾਂ ਵੱਡ ਅਕਾਰੀ ਝਾਕੀਆਂ ਦਾ ਸਵਾਗਤ ਕੀਤਾ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਇਸ ਉਦਮ ਲਈ ਧੰਨਵਾਦ ਕੀਤਾ। ਉਪ ਮੰਡਲ ਮੈਜਿਸਟਰੇਟ ਪ੍ਰਮੋਦ ਸਿੰਗਲਾ ਨੇ ਕਿਹਾ ਕਿ ਇਨ੍ਹਾਂ ਝਾਕੀਆਂ ਪ੍ਰਤੀ ਬੱਚਿਆਂ ਅਤੇ ਨੌਜਵਾਨ ਵਰਗ ਵਿੱਚ ਭਾਰੀ ਉਤਸ਼ਾਹ ਨਜ਼ਰ ਆਇਆ ਅਤੇ ਲੋਕਾਂ ਨੇ ਫੋਟੋ ਤੇ ਵੀਡੀਓ ਬਣਾ ਕੇ ਇਨ੍ਹਾਂ ਪਲਾਂ ਨੂੰ ਆਪਣੀ ਸਦੀਵੀ ਯਾਦ ਦਾ ਹਿੱਸਾ ਬਣਾਇਆ।

ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਦੇ ਓ.ਐਸ.ਡੀ ਐਡਵੋਕੇਟ ਤਪਿੰਦਰ ਸਿੰਘ ਸੋਹੀ ਨੇ ਕਿਹਾ ਕਿ ਇਹ ਇੱਕ ਸੁਨਹਿਰੀ ਪਲ ਹੈ ਜਦੋਂ ਦਿੜ੍ਹਬਾ ਹਲਕੇ ਦੇ ਸੈਂਕੜੇ ਨਿਵਾਸੀਆਂ ਵੱਲੋਂ ਇਨ੍ਹਾਂ ਖੂਬਸੂਰਤ ਝਾਕੀਆਂ ਰਾਹੀ ਪੇਸ਼ ਕੀਤੇ ਜਾ ਰਹੇ ਪੰਜਾਬ ਦੇ ਆਜ਼ਾਦੀ ਇਤਿਹਾਸ, ਨਾਰੀ ਸ਼ਕਤੀ ਅਤੇ ਸਭਿਆਚਾਰ ਬਾਰੇ ਵਡਮੁੱਲੀ ਜਾਣਕਾਰੀ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਅਹਿਮ ਉਪਰਾਲਾ ਸਭ ਵੱਲੋਂ ਪਸੰਦ ਕੀਤਾ ਗਿਆ ਹੈ ਅਤੇ ਦਿੜ੍ਹਬਾ ਵਾਸੀ ਇਸ ਲਈ ਸਰਕਾਰ ਦੇ ਸ਼ੁਕਰਗੁਜ਼ਾਰ ਰਹਿਣਗੇ।

ਅਮਨ ਅਰੋੜਾ ਦੀ ਅਗਵਾਈ ਹੇਠ ਸੁਨਾਮ ਵਿਖੇ ਪੰਜਾਬ ਦੇ ਇਤਿਹਾਸ ਅਤੇ ਵਿਰਸੇ ਨੂੰ ਰੂਪਮਾਨ ਕਰਦੀਆਂ ਝਾਕੀਆਂ ਦਾ ਜ਼ੋਰਦਾਰ ਸਵਾਗਤ

ਸੁਨਾਮ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬੀਆਂ ਦੇ ਅਹਿਮ ਯੋਗਦਾਨ', 'ਨਾਰੀ ਸ਼ਕਤੀ' ਅਤੇ 'ਪੰਜਾਬ ਦੇ ਅਮੀਰ ਸਭਿਆਚਾਰਕ ਵਿਰਸੇ ਨੂੰ ਰੂਪਮਾਨ' ਕਰਦੀਆਂ ਤਿੰਨੇ ਝਾਕੀਆਂ ਦਾ ਜ਼ਿਲ੍ਹਾ ਸੰਗਰੂਰ ਵਿਖੇ ਵੱਖ-ਵੱਖ ਥਾਈਂ ਉਤਸ਼ਾਹ ਨਾਲ ਸਵਾਗਤ ਕੀਤਾ ਜਾ ਰਿਹਾ ਹੈ। ਅੱਜ ਬਾਅਦ ਦੁਪਹਿਰ ਦਾਣਾ ਮੰਡੀ ਸੁਨਾਮ ਵਿਖੇ ਪੁੱਜੀਆਂ ਇਨ੍ਹਾਂ ਝਾਕੀਆਂ ਦਾ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਅਗਵਾਈ ਹੇਠ ਵੱਡੀ ਗਿਣਤੀ ਸਿਆਸੀ ਅਤੇ ਪ੍ਰਸ਼ਾਸ਼ਨਿਕ ਸ਼ਖ਼ਸੀਅਤਾਂ ਵੱਲੋਂ ਜ਼ੋਰਦਾਰ ਸਵਾਗਤ ਕੀਤਾ ਗਿਆ।

ਇਸ ਮੌਕੇ ਇੰਪਰੂਵਮੈਂਟ ਟਰੱਸਟ ਸੰਗਰੂਰ ਦੇ ਚੇਅਰਮੈਨ ਪ੍ਰੀਤਮ ਸਿੰਘ ਪੀਤੂ, ਉਪ ਮੰਡਲ ਮੈਜਿਸਟਰੇਟ ਸੁਨਾਮ ਪ੍ਰਮੋਦ ਸਿੰਗਲਾ, ਨਾਇਬ ਤਹਿਸੀਲਦਾਰ ਅਮਿਤ ਸ਼ਰਮਾ, ਸੀਨੀਅਰ ਆਗੂ ਜਤਿੰਦਰ ਜੈਨ ਸਮੇਤ ਹੋਰਾਂ ਨੇ ਗਰਮਜੋਸ਼ੀ ਨਾਲ ਝਾਕੀਆਂ ਦਾ ਸਵਾਗਤ ਕਰਦਿਆਂ ਪੰਜਾਬ ਸਰਕਾਰ ਦਾ ਧੰਨਵਾਦ ਕੀ

ਬਾਲ ਕਹਾਣੀ

ਰਵਿੰਦਰ ਲਾਲਪੁਰੀ
94634-52261

ਸਖ਼ਤ ਮਿਹਨਤ ਇਕ ਦਿਨ ਜ਼ਰੂਰ ਰੰਗ ਲਿਆਉਂਦੀ ਹੈ। ਜ਼ਿੰਦਗੀ 'ਚ ਹਮੇਸ਼ਾ ਉਹ ਬੱਚੇ ਹੀ ਕਾਮਯਾਬ ਹੁੰਦੇ ਹਨ ਜੋ ਲਗਾਤਾਰ ਮਿਹਨਤ ਕਰਦੇ ਰਹਿੰਦੇ ਹਨ। ਜੇ ਅਸਫ਼ਲਤਾ ਮਿਲਦੀ ਵੀ ਹੈ ਤਾਂ ਉਸ ਤੋਂ ਘਬਰਾਉਣਾ ਨਹੀਂ ਚਾਹੀਦਾ....

ਘੁਮੰਡ ਦਾ ਸਿਰ ਨੀਵਾਂ

ਰੋਕੀ ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ। ਹਰ ਸਾਲ ਕਲਾਸ ਵਿਚ ਅੱਵਲ ਆਉਂਦਾ ਪਰ ਇਸ ਗੁਣ ਨੇ ਉਸ ਵਿਚ ਹੌਲੀ-ਹੌਲੀ ਹੰਕਾਰ ਦਾ ਬੀਜ ਬੋਅ ਦਿੱਤਾ ਸੀ। ਜਿਸ ਕਾਰਨ ਉਹ ਕਮਜ਼ੋਰ ਵਿਦਿਆਰਥੀਆਂ ਦਾ ਮਜ਼ਾਕ ਉਡਾਉਂਦਾ ਰਹਿੰਦਾ। ਉਸਨੂੰ ਲਗਦਾ ਕਿ ਉਸਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ।

ਇਕ ਦਿਨ ਸਤਿੰਦਰ ਨੂੰ ਗਣਿਤ ਦੇ ਇਕ ਸਵਾਲ ਵਿਚ ਦਿੱਕਤ ਆ ਰਹੀ ਸੀ ਜਿਸ ਨੂੰ ਲੈ ਕੇ ਆਪਣੇ ਅਧਿਆਪਕ ਕੋਲ ਗਿਆ ਪਰ ਅਧਿਆਪਕ ਉਸ ਸਮੇਂ ਕਿਸੇ ਦਫ਼ਤਰੀ ਕੰਮ ਵਿਚ ਵਿਅਸਤ ਸਨ ਤੇ ਉਨ੍ਹਾਂ ਨੇ ਰੋਕੀ ਨੂੰ ਬੁਲਾ ਕੇ ਸਤਿੰਦਰ ਦੀ ਮਦਦ ਕਰਨ ਲਈ ਕਿਹਾ। ਸਵਾਲ ਸਮਝਾਉਣ ਸਮੇਂ ਆਪਣੇ ਦੋਸਤਾਂ ਨਾਲ ਮਿਲ ਕੇ ਰੋਕੀ ਨੇ ਸਤਿੰਦਰ ਦਾ ਬਹੁਤ ਮਜ਼ਾਕ ਉਡਾਇਆ। ਸਤਿੰਦਰ ਨੂੰ ਬਹੁਤ ਬੁਰਾ ਲੱਗਾ ਤੇ ਉਸਨੇ ਘਰ ਆ ਕੇ ਇਹ ਸਾਰਾ ਵਾਕਿਆ ਆਪਣੇ ਦਾਦਾ ਜੀ ਨਾਲ ਸਾਂਝਾ ਕੀਤਾ ਜੋ ਇਕ ਰਿਟਾਇਰ ਅਧਿਆਪਕ ਸਨ। ਦਾਦਾ ਜੀ ਨੇ ਸਾਰਾ ਵਾਕਿਆ ਬੜੇ ਧਿਆਨ ਨਾਲ ਸੁਣਿਆ। ਸੁਣਨ ਤੋਂ ਬਾਅਦ ਦਾਦਾ ਜੀ ਨੇ ਸਤਿੰਦਰ ਨੂੰ ਖ਼ਰਗੋਸ਼ ਤੇ ਕੱਛੂ ਵਾਲੀ ਕਹਾਣੀ ਸੁਣਾਈ ਤੇ ਪੂਰੀ ਲਗਨ ਨਾਲ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਸਤਿੰਦਰ ਨੇ ਵੀ ਦਾਦਾ ਜੀ ਦੇ ਦੱਸੇ ਅਨੁਸਾਰ ਪੂਰੀ ਲਗਨ ਨਾਲ ਪੜ੍ਹਾਈ ਕਰਨ ਲੱਗਾ। ਦੂਜੇ ਪਾਸੇ ਰੋਕੀ ਆਪਣੇ ਹੰਕਾਰ ਕਾਰਨ ਪੜ੍ਹਾਈ ਵਿਚ ਅਵੇਸਲਾ ਹੁੰਦਾ ਗਿਆ।

ਸਮਾਂ ਬੀਤਦਾ ਗਿਆ, ਇਮਤਿਹਾਨ ਹੋ ਗਏ। ਨਤੀਜੇ ਵਾਲੇ ਦਿਨ ਜਦੋਂ ਨਤੀਜਾ ਐਲਾਨਿਆ ਗਿਆ ਤਾਂ ਸਭ ਦੀ ਹੈਰਾਨੀ ਦੀ ਹੱਦ ਨਾ ਰਹੀ। ਜਦੋਂ ਦੂਜੇ ਸਥਾਨ 'ਤੇ ਰੋਕੀ ਦਾ ਨਾਂ ਤੇ ਪਹਿਲੇ ਸਥਾਨ 'ਤੇ ਸਤਿੰਦਰ ਦਾ ਨਾਂ ਲਿਆ ਗਿਆ ਤਾਂ ਰੋਕੀ ਦਾ ਘੁਮੰਡ ਚੂਰ ਚੂਰ ਹੋ ਗਿਆ। •

ਸਵਾਲ ਜਵਾਬ

1. ਭਾਰਤ ਦੇ ਸੰਵਿਧਾਨ ਸਭਾ ਦੀ ਪਹਿਲੀ ਬੈਠਕ ਕਦੋਂ ਹੋਈ?
9 ਦਸੰਬਰ 1946
2. ਤਰਾਈਨ ਦੀ ਪਹਿਲੀ ਲੜਾਈ ਕਦੋਂ ਅਤੇ ਕਿਨ੍ਹਾਂ ਵਿਚਕਾਰ ਹੋਈ?
1191 ਵਿਚ ਪ੍ਰਿਥਵੀ ਰਾਜ ਚੌਹਾਨ ਅਤੇ ਮੁਹੰਮਦ ਗੋਰੀ ਵਿਚਕਾਰ।
3. ਹਾਵੜਾ ਬ੍ਰਿਜ ਕਿੱਥੇ ਹੈ?
ਹੁਗਲੀ ਨਦੀ (ਪੱਛਮੀ ਬੰਗਾਲ)
4. ਚਾਰਮੀਨਾਰ ਕਿੱਥੇ ਹੈ?
ਹੈਦਰਾਬਾਦ।
5. ਭਾਰਤ ਵਿਚ ਪਹਿਲੀ ਮੈਟਰੋ ਕਿੱਥੇ ਤੇ ਕਦੋਂ ਚੱਲੀ?
ਕਲਕੱਤਾ ਤੋਂ ਦਮਦਮ ਵਿਚ 24 ਅਕਤੂਬਰ 1984
6. ਮਹਾਂਭਾਰਤ ਵਿਚ ਭੀਸ਼ਮ ਪਿਤਾਮਾ ਦੀ ਮਾਤਾ ਦਾ ਨਾਂ ਦੱਸੋ।
ਗੰਗਾ।
7. 2017 ਦੀ ਮਿਸ ਵਰਲਡ ਕੌਣ ਹੈ?
ਮਾਨੂਸ਼ੀ ਚਿੱਲਰ।
8. ਮਹਾਰਾਜਾ ਰਣਜੀਤ ਸਿੰਘ ਦੇ ਮਾਤਾ ਪਿਤਾ ਦਾ ਨਾਂ ਦੱਸੋ।
ਮਹਾਂ ਸਿੰਘ ਤੇ ਰਾਜ ਕੌਰ।
9. ਭਾਰਤ ਦਾ ਪਹਿਲਾ ਗਵਰਨਰ ਕੌਣ ਸੀ?
ਸੀ. ਰਾਜਾ ਗੋਪਾਲ ਚਾਰੀ।
10. ਸੰਵਿਧਾਨ ਸਭਾ ਦੀ ਸੰਘ ਸ਼ਕਤੀ ਸਮਿਤੀ ਦੇ ਪ੍ਰਧਾਨ ਕੌਣ ਸਨ?
ਪੰਡਿਤ ਜਵਾਹਰ ਲਾਲ ਨਹਿਰੂ।
11. ਪਦਮਸ਼੍ਰੀ ਐਵਾਰਡ ਕਦੋਂ ਸ਼ੁਰੂ ਹੋਇਆ?
1954
12. ਜੀਰੇ ਦੀ ਸਭ ਤੋਂ ਵੱਧ ਪੈਦਾਵਾਰ ਕਰਨ ਵਾਲੇ ਭਾਰਤ ਦੇ ਦੋ ਸੂਬੇ ਦੱਸੋ?
ਗੁਜਰਾਤ ਅਤੇ ਰਾਜਸਥਾਨ

'ਚਿੱਲਰ ਪਾਰਟੀ', 'ਐਂਟਰਟੇਨਮੈਂਟ' ਜਾਂ 'ਸਨੋ ਡੌਗਜ਼'.. ਇਹ ਫਿਲਮਾਂ ਤੁਸੀਂ ਜ਼ਰੂਰ ਦੇਖੀਆਂ ਹੋਣਗੀਆਂ ਤੇ ਮਜ਼ਾ ਵੀ ਆਇਆ ਹੋਵੇਗਾ। ਇਨ੍ਹਾਂ ਸਾਰੀਆਂ ਫਿਲਮਾਂ 'ਚ ਡੌਗ (ਕੁੱਤੇ) ਮੁੱਖ ਕਿਰਦਾਰ 'ਚ ਸਨ। ਇਨ੍ਹਾਂ ਦੀਆਂ ਸ਼ਰਾਰਤਾਂ ਤੇ ਮਾਲਕ ਪ੍ਰਤੀ ਵਫ਼ਾਦਾਰੀ ਦੇਖ ਕੇ ਤੁਹਾਡਾ ਦਿਲ ਵੀ ਭਰ ਆਇਆ ਹੋਵੇਗਾ। ਇਸ ਕਰ ਕੇ ਜਾਨਵਰਾਂ 'ਤੇ ਸਭ ਤੋਂ ਜ਼ਿਆਦਾ ਫਿਲਮਾਂ ਬਣੀਆਂ ਹਨ। ਕੁੱਝ ਇਸ ਤਰ੍ਹਾਂ ਦੀਆਂ ਫਿਲਮਾਂ ਬਾਰੇ ਦੱਸ ਰਹੇ ਹਾਂ ਜਿਸ 'ਚ ਸਾਨੂੰ ਇਹ ਸਿੱਖਣ ਨੂੰ ਮਿਲਦਾ ਹੈ ਕਿ ਜਾਨਵਰ ਵਫ਼ਾਦਾਰ ਹੁੰਦੇ ਹਨ...

ਕੁੱਤਿਆਂ ਦੀ ਵਫ਼ਾਦਾਰੀ

ਜਾਨਵਰਾਂ 'ਤੇ ਬਣੀਆਂ ਫਿਲਮਾਂ ਬੱਚਿਆਂ ਨੂੰ ਬਹੁਤ ਪਸੰਦ ਆਉਂਦੀਆਂ ਹਨ। ਕੀ ਤੁਹਾਨੂੰ ਪਤਾ ਹੈ ਕਿ ਜਾਨਵਰਾਂ 'ਤੇ ਸਭ ਤੋਂ ਜ਼ਿਆਦਾ ਫਿਲਮਾਂ ਕੁੱਤਿਆਂ 'ਤੇ ਬਣੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਇਹ ਘਰੇਲੂ ਜਾਨਵਰ ਹੈ ਤੇ ਇਨ੍ਹਾਂ ਨੂੰ ਵਧੀਆ ਤਰੀਕੇ ਨਾਲ ਟ੍ਰੇਨਿੰਗ ਦੇ ਕੇ ਫਿਲਮਾਂ 'ਚ ਲਿਆ ਜਾਂਦਾ ਹੈ। ਕੁੱਤਿਆਂ 'ਤੇ ਬਣੀਆਂ ਫਿਲਮਾਂ ਦੀ ਲਿਸਟ ਦੇਖੀ ਜਾਵੇ ਤਾਂ ਸਭ ਤੋਂ ਜ਼ਿਆਦਾ ਇਨ੍ਹਾਂ ਨੇ ਫਿਲਮਾਂ 'ਚ ਕੰਮ ਕੀਤਾ ਹੈ। ਅੱਜ ਅਸੀਂ ਤੁਹਾਨੂੰ ਕੁੱਝ ਚੁਣੀਆਂ ਹੋਈਆਂ ਫਿਲਮਾਂ ਬਾਰੇ ਦੱਸ ਰਹੇ ਹਾਂ।

ਮਾਰਲੇ ਐਂਡ ਮੀ
(marley and me)

ਜੌਨ ਤੇ ਜੇਨੀ ਵਿਆਹ ਤੋਂ ਬਾਅਦ ਫਲੋਰਿਡਾ ਜਾ ਕੇ ਨੌਕਰੀ ਕਰਦੇ ਹਨ। ਉੱਥੇ ਉਨ੍ਹਾਂ ਦਾ ਇਕ ਦੋਸਤ ਉਨ੍ਹਾਂ ਨੂੰ ਸਲਾਹ ਦਿੰਦਾ ਹੈ ਕਿ ਪਰਿਵਾਰ

ਹੋਟਲ ਫਾਰ ਡੌਗਜ਼
(Hotel for Dogs)

ਇਹ ਕਹਾਣੀ ਹੈ ਦੋ ਅਨਾਥ ਬੱਚਿਆਂ ਐਂਡੀ ਤੇ ਥਰੂਜ਼ ਉਨ੍ਹਾਂ ਦੇ ਕੁੱਤੇ ਫਰਾਈਡੇਅ ਦੀ। ਉਹ ਜਿੰਨਾਂ ਦੇ ਨਾਲ ਰਹਿੰਦੇ ਹਨ ਉਨ੍ਹਾਂ ਨੂੰ ਜਾਨਵਰਾਂ ਨਾਲ ਨਫ਼ਰਤ ਹੈ। ਕੁੱਝ ਲੋਕਾਂ ਦੀ ਮਦਦ ਨਾਲ ਆਪਣੇ ਕੁੱਤੇ ਦੇ ਨਾਲ-ਨਾਲ ਮੁਹੱਲੇ ਦੇ ਹੋਰ ਕੱਤਿਆਂ ਨੂੰ ਵੀ ਇਕ ਬੰਦ ਪਏ ਹੋਟਲ 'ਚ ਲੁਕਾ ਦਿੰਦੇ ਹਨ। ਐਂਡੀ ਤੇ ਉਸ ਦੇ ਭਰਾ ਨੂੰ ਇਕ ਨਵਾਂ ਪਰਿਵਾਰ ਮਿਲਦਾ ਹੈ ਕਿ ਨਹੀਂ, ਫਰਾਈਡੇਅ ਬਾਕੀ ਕੁੱਤਿਆਂ ਦੀ ਕਿਸ ਤਰ੍ਹਾਂ ਦੇਖਭਾਲ ਕਰਦਾ ਹੈ ਇਸ ਸਾਰ ਫਿਲਮ ਦੇਖ ਦੇ ਹੀ ਮਜ਼ਾ ਆਵੇਗਾ।

ਵਧਾਉਣ ਤੋਂ ਪਹਿਲਾਂ ਇਕ ਕੁੱਤੇ ਨੂੰ ਗੋਦ ਲੈ ਕੇ ਦੇਖਣਾ ਚਾਹੀਦਾ ਹੈ ਕਿ ਉਹ ਕਿਸੇ ਦੀ ਦੇਖਭਾਲ ਕਰਨ ਦੇ ਕਾਬਿਲ ਹਨ। ਫਿਰ ਉਨ੍ਹਾਂ ਦੀ ਜ਼ਿੰਦਗੀ 'ਚ ਮਾਰਲੇ ਕਦਮ ਰੱਖਦਾ ਹੈ। ਫਿਰ ਹੌਲੀ-ਹੌਲੀ ਸ਼ਰਾਰਤੀ ਮਾਰਲੇ ਉਨ੍ਹਾਂ ਦੇ ਜੀਵਨ ਦਾ ਇਕ ਅਹਿਮ ਹਿੱਸਾ ਬਣ ਜਾਂਦਾ ਹੈ। ਇਹ ਦੇਖਣ ਦੇ ਲਾਇਕ ਹੈ। ਇਸ ਫਿਲਮ 'ਚ ਕੁੱਤੇ ਦੀ ਵਫ਼ਾਦਾਰੀ ਤੇ ਉਸ ਪ੍ਰਤੀ ਮਨੁੱਖ ਦਾ ਪਿਆਰ ਦਿਖਾਇਆ ਗਿਆ ਹੈ।

ਐਂਟਰਟੇਨਮੈਂਟ
(Entertainment)

ਅਕਸ਼ੇ ਕੁਮਾਰ ਦੀ ਇਸ ਫਿਲਮ ਦਾ ਮੁੱਖ ਹੀਰੋ ਕੁੱਤਾ ਹੈ। ਅਕਸ਼ੇ ਨੂੰ ਪਤਾ ਚੱਲਦਾ ਹੈ ਕਿ ਉਸ ਨੇ ਉਸ ਲਈ

ਕਾਫ਼ੀ ਦੌਲਤ ਛੱਡੀ ਹੈ। ਉਹ ਦੌਲਤ ਲੈਣ ਜਾਂਦਾ ਹੈ ਤੇ ਪਤਾ ਲਗਦਾ ਹੈ ਕਿ ਉਸ ਦੇ ਪਿਤਾ ਸਾਰੀ ਦੌਲਤ ਐਂਟਰਟੇਨਮੈਂਟ ਕੁੱਤੇ ਦੇ ਨਾਂ ਕਰ ਗਿਆ ਹੈ। ਪਹਿਲਾਂ ਤਾਂ ਅਕਸ਼ੇ ਉਸ ਕੁੱਤੇ ਨਾਲ ਨਫ਼ਰਤ ਕਰਦਾ ਹੈ ਪਰ ਉਸ ਦੇ ਦੁਆਰਾ ਜਾਨ ਬਚਾਉਣ 'ਤੇ ਉਹ ਕੁੱਤੇ ਨਾਲ ਪਿਆਰ ਕਰਨ ਲੱਗਦਾ ਹੈ ਫਿਰ ਕਿਸ ਤਰ੍ਹਾਂ ਜਾਇਦਾਦ ਖਾਣ ਆਏ ਰਿਸ਼ਤੇਦਾਰਾਂ ਨਾਲ ਐਂਟਰਟੇਨਮੈਂਟ ਨੂੰ ਅਕਸ਼ੇ ਬਚਾਉਂਦਾ ਹੈ।

ਟਰਨਰ ਐਂਡ ਹੂਚ (turner and hooch)

1989 'ਚ ਬਣੀ ਇਸ ਫਿਲਮ 'ਚ ਇਕ ਪੁਲਿਸ ਅਫ਼ਸਰ ਸਕੌਟ ਟਰਨਰ ਦੀ ਕਹਾਣੀ ਹੈ। ਉਸ ਦੀ ਬਦਲੀ ਹੋ ਜਾਂਦੀ ਹੈ। ਉਹ ਆਪਣੀ ਜਗ੍ਹਾ ਆਏ ਨਵੇਂ ਪੁਲਿਸ ਅਫ਼ਸਰ ਨੂੰ ਉੱਥੋਂ ਇਕ ਕਬਾੜੀ ਨੂੰ ਮਿਲਾਉਣ ਲੈ ਜਾਂਦੇ ਹਨ। ਕਬਾੜੀ ਦੇ ਕੁੱਤੇ ਦਾ ਨਾਂ ਹੂਚ ਹੈ। ਅਚਾਨਕ ਇਕ ਦਿਨ ਕਬਾੜੀ ਦੀ ਹੱਤਿਆ ਹੋ ਗਈ। ਕਮਿਸ਼ਨਰ ਨੂੰ ਕਹਿ ਕੇ ਟਰਨਰ ਕੇਸ ਆਪਣੇ ਹੱਥ 'ਚ ਲੈਂਦਾ ਹੈ। ਉਸ ਨੂੰ ਲੱਗਦਾ ਹੈ ਕਿ ਹੂਚ ਇਸ ਕੇਸ ਦਾ ਗਵਾਹ ਹੈ। ਇਸ ਲਈ ਇਹ ਹੂਚ ਨੂੰ ਆਪਣੇ ਨਾਲ ਰੱਖ ਲੈਂਦਾ ਹੈ ਪਰ ਹੂਚ ਉਸ ਦੀ ਗੱਡੀ ਦੇ ਨਾਲ-ਨਾਲ ਉਸ ਦੇ ਘਰ ਦਾ ਬੁਰਾ ਹਾਲ ਕਰ ਲੈਂਦਾ ਹੈ। ਫਿਰ ਉਹ ਹੱਤਿਆਰੇ ਨੂੰ ਫੜਨ ਦੇ ਨਾਲ-ਨਾਲ ਕੇਸ ਨੂੰ ਸੁਲਝਾਉਣ 'ਚ ਉਸ ਦੀ ਮਦਦ ਕਰਦਾ ਹੈ।

ਹੋਮਵਾਰਡ ਬਾਊਂਡ
(Homeward Bound : The Incredible journey)

ਇਹ ਕਹਾਣੀ ਚਾਂਸ ਨਾਂ ਦੇ ਕੁੱਤੇ ਦੀ ਹੈ। ਚਾਂਸ ਦੇ ਦੋਸਤ ਸ਼ੈਡੋ (ਕੁੱਤਾ) ਤੇ ਸੈਸੀ (ਬਿੱਲੀ) ਦੇ ਮਾਲਕ ਉਨ੍ਹਾਂ ਨੂੰ ਕੁੱਝ ਦਿਨਾਂ ਲਈ ਘਰ 'ਚ ਛੱਡ ਕੇ ਫਰਾਂਸਿਸਕੋ ਚਲੇ ਜਾਂਦੇ ਹਨ। ਉਨ੍ਹਾਂ ਤਿੰਨਾਂ ਨੇ ਤਹਿ ਕੀਤਾ ਕਿ ਮਾਲਕ ਨੂੰ ਲੱਭ ਕੇ ਉਹ ਉਨ੍ਹਾਂ ਕੋਲ ਜਾਣਗੇ ਫਿਰ ਸ਼ੁਰੂ ਹੁੰਦੀ ਹੈ ਉਨ੍ਹਾਂ ਦੀ ਅਨੋਖੀ ਯਾਤਰਾ। ਯਾਤਰਾ ਦੌਰਾਨ ਉਹ ਪਰੇਸ਼ਾਨੀ 'ਚ ਫ਼ਸਦੇ ਹਨ ਤੇ ਕਿਸ ਤਰ੍ਹਾਂ ਮਾਲਿਕ ਤਕ ਪਹੁੰਚਦੇ ਹਨ। •

ਬੱਚਿਓ! ਇਸ ਵਾਰ ਅਸੀਂ ਤੁਹਾਨੂੰ ਫਲਾਂ ਦਾ ਰਸ ਚੂਸਣ ਵਾਲੇ ਇਕ ਅਨੋਖੇ ਪੰਛੀ ਟਿਊਡ ਬਾਰੇ ਦੱਸ ਰਹੇ ਹਾਂ। ਇਹ ਇਨਸਾਨਾਂ ਦੀ ਆਵਾਜ਼ ਦੀ ਨਕਲ ਕਰਨ 'ਚ ਮਾਹਿਰ ਹੁੰਦਾ ਹੈ। ਆਓ ਜਾਣੀਏ ਟਿਊਡ ਬਾਰੇ...

- ਟਿਊਡ ਪੰਛੀ ਦੁਨੀਆ 'ਚ ਸਿਰਫ਼ ਨਿਊਜ਼ੀਲੈਂਡ ਦੇਸ਼ 'ਚ ਮਿਲਦਾ ਹੈ। ਇਸ ਦਾ ਵਿਗਿਆਨਕ ਨਾਂ ਪ੍ਰੋਸਥੀਮੈਂਡੇਰਾ ਨੋਵੈਸੀਲੈਂਡੇਂਡੀ ਹੈ।
- ਟਿਊਡ ਦੀ ਇਕ ਅਨੋਖੀ ਵਿਸ਼ੇਸ਼ਤਾ ਹੈ ਕਿ ਇਹ ਇਨਸਾਨ ਦੀ ਆਵਾਜ਼ ਦੀ ਨਕਲ ਕਰ ਲੈਂਦਾ ਹੈ। ਇਸ ਤੋਂ ਇਲਾਵਾ ਇਹ ਅਲਾਰਮ, ਖਾਂਸੀ, ਸੀਟੀ, ਘੰਟੀ ਆਦਿ ਆਵਾਜ਼ਾਂ ਦੀ ਨਕਲ ਕਰ ਲੈਂਦਾ ਹੈ।
- ਟਿਊਡ ਦੇ ਸਰੀਰ 'ਤੇ ਮੌਜੂਦ ਪੰਭਾਂ ਦਾ ਰੰਗ ਹਰਾ, ਨੀਲਾ-ਬੈਂਗਣੀ ਤੇ ਭੂਰਾ ਹੁੰਦਾ ਹੈ। ਛਾਤੀ 'ਤੇ ਸਫ਼ੈਦ ਰੰਗ ਦਾ ਫਰ ਹੁੰਦਾ ਹੈ।
- ਇਸ ਦੇ ਸਰੀਰ ਦੀ ਕੁੱਲ ਲੰਬਾਈ 27 ਤੋਂ 32 ਸੈਂਟੀਮੀਟਰ ਹੁੰਦੀ ਹੈ। ਨਰ ਪੰਛੀ ਦਾ ਔਸਤਨ ਭਾਰ 15 ਤੋਂ 65 ਗ੍ਰਾਮ ਅਤੇ ਮਾਦਾ ਦਾ 58 ਤੋਂ 105 ਗ੍ਰਾਮ ਹੁੰਦਾ ਹੈ।
- ਟਿਊਡ ਭੋਜਨ ਦੇ ਰੂਪ 'ਚ ਫੁੱਲਾਂ ਦਾ ਰਸ ਚੂਸਦਾ ਹੈ। ਇਸ ਲਈ ਇਸ ਨੂੰ 'ਹਨੀ-ਈਟਰ' ਵੀ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਇਹ ਫਲ, ਛੋਟੇ ਮੋਟੇ ਕੀੜੇ-ਮਕੋੜੇ ਵੀ ਖਾਂਦਾ ਹੈ। •

ਤੁਸੀਂ ਬਿਊਟੀ ਪਾਰਲਰ ਤਾਂ ਦੇਖਿਆ ਹੀ ਹੋਵੇਗਾ, ਜਿੱਥੇ ਬਿਊਟੀਸ਼ੀਅਨ ਲੋਕਾਂ ਨੂੰ ਹੋਰ ਖ਼ੂਬਸੂਰਤ ਬਣਾਉਂਦੀ ਹੈ। ਇਸ ਤਰ੍ਹਾਂ ਸਮੁੰਦਰੀ ਜੀਵਾਂ 'ਚ ਵੀ ਇਕ ਬਿਊਟੀ ਐਕਸਪਰਟ ਮੱਛੀ ਹੁੰਦੀ ਹੈ, ਜੋ ਸਮੁੰਦਰ ਦੀਆਂ ਦੂਜੀਆਂ ਮੱਛੀਆਂ ਦੇ ਸਰੀਰ ਦੀ ਖ਼ਰਾਬ ਹੋ ਚੁੱਕੀ ਚਮੜੀ ਨੂੰ ਸਾਫ਼ ਕਰਦੀ ਹੈ। ਇਹ ਬਿਊਟੀ ਐਕਸਪਰਟ ਮੱਛੀ ਕਲੀਨਰ ਫਿਸ਼ ਹੈ...

ਮੱਛੀਆਂ ਦੀ ਬਿਊਟੀਸ਼ੀਅਨ ਕਲੀਨਰ ਫਿਸ਼

ਸਮੁੰਦਰ ਦੀਆਂ ਮੱਛੀਆਂ ਆਪਣੀ ਸਿਹਤ ਅਤੇ ਖ਼ੂਬਸੂਰਤੀ ਦਾ ਬਹੁਤ ਧਿਆਨ ਰੱਖਦੀਆਂ ਹਨ ਅਤੇ ਇਸ ਲਈ ਉਹ ਸਮੁੰਦਰ 'ਚ ਰਹਿਣ ਵਾਲੀਆਂ ਤਰ੍ਹਾਂ-ਤਰ੍ਹਾਂ ਦੀਆਂ ਬਿਊਟੀਸ਼ੀਅਨ ਮੱਛੀਆਂ ਦੀ ਰਾਇ ਲੈਂਦੀਆਂ ਹਨ। ਇਨ੍ਹਾਂ ਬਿਊਟੀਸ਼ੀਅਨ ਮੱਛੀਆਂ ਨੂੰ ਵਿਗਿਆਨੀਆਂ ਨੇ ਕਲੀਨਰ ਫਿਸ਼ ਜਾਂ ਕਲੀਨਿੰਗ ਫਿਸ਼ ਦਾ ਨਾਂ ਦਿੱਤਾ ਹੈ।

- ਇਸ ਦੀ ਲੰਬਾਈ 10 ਸੈਂਟੀਮੀਟਰ ਭਾਵ ਲਗਪਗ 4 ਇੰਚ ਕਰ ਹੁੰਦੀ ਹੈ ਅਤੇ ਇਹ ਕਈ ਰੰਗਾਂ ਦੀ ਹੁੰਦੀ ਹੈ। ਇਸ ਜਾਤੀਆਂ ਦੀਆਂ ਸਾਰੀਆਂ ਮੱਛੀਆਂ ਬਹੁਤ ਖ਼ੂਬਸੂਰਤ ਹੁੰਦੀਆਂ ਹਨ। ਇਹ ਲੰਬੀਆਂ, ਪਤਲੀਆਂ ਹੁੰਦੀਆਂ ਹਨ। ਇਨ੍ਹਾਂ ਦੇ ਸਰੀਰ 'ਤੇ ਲੰਬੀਆਂ ਧਾਰੀਆਂ ਹੁੰਦੀਆਂ ਹਨ, ਜੋ ਇਨ੍ਹਾਂ ਨੂੰ ਖ਼ੂਬਸੂਰਤ ਬਣਾ ਦਿੰਦੀਆਂ ਹਨ।
- ਇਹ ਮੱਛੀਆਂ ਵੱਡੀਆਂ-ਵੱਡੀਆਂ ਮੱਛੀਆਂ ਨੂੰ ਕਲੀਨਿੰਗ ਕਰਾਉਣ ਲਈ ਆਕਰਸ਼ਕ ਕਰਦੀਆਂ ਹਨ ਅਤੇ ਇਸ ਤੋਂ ਬਾਅਦ ਇਹ ਸਾਰੀਆਂ ਮਿਲ ਕੇ ਕਲੀਨਿੰਗ ਦਾ ਕੰਮ ਕਰਦੀਆਂ ਹਨ।
- ਇਹ ਮੱਛੀਆਂ ਆਪਣੀ ਸਫ਼ਾਈ ਕਰਨ ਆਈਆਂ ਕਲੀਨਰ ਮੱਛੀਆਂ ਦੇ ਮੂੰਹ 'ਚ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਮੂੰਹ ਅੰਦਰ ਮੌਜੂਦ ਕੀਟਾਣੂਆਂ ਅਤੇ ਬਿਮਾਰ ਜੀਤੂਆਂ ਦੀ ਸਫ਼ਾਈ ਕਰ ਦਿੰਦੀਆਂ ਹਨ। ਇਸ ਬਦਲੇ ਇਨ੍ਹਾਂ ਨੂੰ ਕੁਝ ਭੋਜਨ ਵੀ ਮਿਲਦਾ ਹੈ। ਦਰਅਸਲ ਕਲੀਨਰ ਫਿਸ਼ ਉਨ੍ਹਾਂ ਦੀ ਮਰ ਚੁੱਕੀ ਚਮੜੀ ਨੂੰ ਖਾਂਦੀਆਂ ਹਨ, ਜੋ ਉਨ੍ਹਾਂ ਲਈ ਪੌਸ਼ਟਿਕ ਭੋਜਨ ਸਾਬਤ ਹੁੰਦਾ ਹੈ।
- ਇਨ੍ਹਾਂ ਦਾ ਮੂੰਹ ਕਾਫ਼ੀ ਛੋਟਾ ਹੁੰਦਾ ਹੈ ਤੇ ਦੰਦ ਕਾਫ਼ੀ ਤੇਜ਼ ਹੁੰਦੇ ਹਨ ਜਿਨ੍ਹਾਂ ਦੀ ਮਦਦ ਨਾਲ ਇਹ ਸਫ਼ਾਈ ਦਾ ਕੰਮ ਕਰਦੀਆਂ ਹਨ।
- ਇਨ੍ਹਾਂ ਮੱਛੀਆਂ ਦਾ ਇਸਤੇਮਾਲ ਕਈ ਮਹਿੰਗੀ ਮੱਛੀਆਂ ਦੀ ਸਫ਼ਾਈ ਲਈ ਵੀ ਇਸਤੇਮਾਲ ਕੀਤਾ ਜਾਂਦਾ ਹੈ। ਇਸ ਲਈ ਜਿਸ ਇਕੁਵੇਰੀਅਮ 'ਚ ਸਾਮਨ (ਪ੍ਰਜਾਤੀ ਮੱਛੀ) ਤੇ ਅਜਿਹੀਆਂ ਮੱਛੀਆਂ ਰਹਿ ਰਹੀਆਂ ਹੋਣ, ਉੱਥੇ ਕੁਝ ਕਲੀਨਰ ਮੱਛੀਆਂ ਨੂੰ ਵੀ ਛੱਡਿਆ ਜਾਂਦਾ ਹੈ।
- ਇਹ ਮੱਛੀਆਂ ਆਪਣੀ ਸਿਹਤ ਦਾ ਵੀ ਧਿਆਨ ਰੱਖਦੀਆਂ ਹਨ, ਪੂਰੀ ਨੀਂਦ ਲੈਂਦੀਆਂ ਹਨ ਅਤੇ ਰਾਤ 'ਚ ਹੀ ਸੌਂਦੀਆਂ ਹਨ।
- ਕਲੀਨਿੰਗ ਫਿਸ਼ ਦੀ ਜਾਤੀ 'ਚ ਅਨੇਕ ਮੱਛੀਆਂ ਆਉਂਦੀਆਂ ਹਨ। ਇਸ ਜਾਤੀ 'ਚ ਪਾਇਪ ਫਿਸ਼, ਰਿਚਲਿਡਸ, ਕੈਟਫਿਸ਼ ਅਤੇ ਹੋਰ ਝੀਗਾ ਮੱਛੀਆਂ ਆਦਿ ਸ਼ਾਮਲ ਹਨ। •

ਤਿੱਤਲੀ ਤੋਂ ਵੀ ਤੇਜ਼ ਨੇ ਅੱਖਾਂ ਵਾਲੇ...

ਮੈਂਟਿਸ ਸ਼ਰਿੰਪ ਆਮਤੌਰ 'ਤੇ ਪ੍ਰਸ਼ਾਂਤ ਮਹਾਂਸਾਗਰ 'ਚ ਪਾਇਆ ਜਾਂਦਾ ਹੈ। ਇਹ ਤਿੰਨ ਹਜ਼ਾਰ ਫੁੱਟ ਗਹਿਰੇ ਪਾਣੀ 'ਚ ਰਹਿੰਦਾ ਹੈ। ਉੱਝ ਇਸ ਨੂੰ

10,000 ਰੁਪਏ ਰਿਸ਼ਵਤ ਲੈਣ ਦੇ ਦੋਸ਼ 'ਚ ਪੰਜਾਬ ਹੋਮ ਗਾਰਡ ਦਾ ਜਵਾਨ ਵਿਜੀਲੈਂਸ ਵੱਲੋਂ ਕਾਬੂ

ਹੋਮਗਾਰਡ ਬਾਕੀ ਰਹਿੰਦੇ 20,000 ਰੁਪਏ ਹੋਰ ਮੰਗ ਰਿਹਾ ਸੀ

ਚੰਡੀਗੜ੍ਹ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਪੁਲਿਸ ਚੌਕੀ ਪਿੰਡ ਲਲਤੋਂ ਕਲਾਂ, ਜ਼ਿਲ੍ਹਾ ਲੁਧਿਆਣਾ ਵਿਖੇ ਤਾਇਨਾਤ ਪੰਜਾਬ ਹੋਮ ਗਾਰਡ (ਪੀ.ਐਚ.ਜੀ.) ਦੇ ਵਲੰਟੀਅਰ ਹਰਜਿੰਦਰ ਸਿੰਘ ਨੂੰ 10,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਅਧੀਨ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਵਿਰੁੱਧ ਇਹ ਕੇਸ ਭਾਈ ਬਾਲਾ ਕਲੋਨੀ, ਪੱਖੋਵਾਲ ਰੋਡ, ਲੁਧਿਆਣਾ ਦੀ ਰਹਿਣ ਵਾਲੀ ਮਨਦੀਪ ਕੌਰ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੀ ਜਾਂਚ ਉਪਰੰਤ ਦਰਜ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਪੁਲਿਸ ਚੌਕੀ ਲਲਤੋਂ ਕਲਾਂ, ਲੁਧਿਆਣਾ ਵਿਖੇ ਤਾਇਨਾਤ ਪੀ.ਐਚ.ਜੀ. ਵਲੰਟੀਅਰ ਹਰਜਿੰਦਰ ਸਿੰਘ ਅਤੇ ਏ.ਐਸ.ਆਈ. ਰਵਿੰਦਰ ਕੁਮਾਰ ਉਸਦੇ ਭਰਾਵਾਂ ਵਿਰੁੱਧ ਦਰਜ ਪੁਲਿਸ ਕੇਸ ਵਿੱਚ ਉਸਦੀ ਮੱਦਦ ਕਰਨ ਬਦਲੇ ਉਸ ਤੋਂ 30,000 ਰੁਪਏ ਰਿਸ਼ਵਤ ਮੰਗ ਰਹੇ ਹਨ।ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਗਾਇਆ ਕਿ ਉਕਤ ਏ.ਐਸ.ਆਈ. ਦੀ ਤਰਫੋਂ ਮੁਲਜ਼ਮ ਪੀ.ਐਚ.ਜੀ. ਵਲੰਟੀਅਰ ਹਰਜਿੰਦਰ ਸਿੰਘ ਉਸ ਤੋਂ ਪਹਿਲਾਂ ਹੀ 10,000 ਰੁਪਏ ਰਿਸ਼ਵਤ ਲੈ ਚੁੱਕਾ ਹੈ ਤੇ ਹੁਣ ਬਾਕੀ ਰਹਿੰਦੇ 20,000 ਰੁਪਏ ਮੰਗ ਰਿਹਾ ਹੈ। ਸ਼ਿਕਾਇਤਕਰਤਾ ਨੇ ਸਬੂਤ ਵਜੋਂ ਉਕਤ ਪੀ.ਐਚ.ਜੀ. ਵਲੰਟੀਅਰ ਵੱਲੋਂ ਕੀਤੀ ਗਈ ਮੰਗ ਦੀ ਰਿਕਾਰਡਿੰਗ ਵੀ ਵਿਜੀਲੈਂਸ ਨੂੰ ਸੌਂਪ ਦਿੱਤੀ।

ਸ਼ਿਕਾਇਤ ਮਿਲਣ ਉਪਰੰਤ ਵਿਜੀਲੈਂਸ ਰੇਂਜ ਲੁਧਿਆਣਾ ਨੇ ਸ਼ਿਕਾਇਤ ਦੀ ਪੜਤਾਲ ਕੀਤੀ ਅਤੇ ਸ਼ਿਕਾਇਤਕਰਤਾ ਵੱਲੋਂ ਲਾਏ ਗਏ ਦੋਸ਼ਾਂ ਨੂੰ ਸਹੀ ਪਾਇਆ। ਇਸ ਰਿਪੋਰਟ ਦੇ ਆਧਾਰ @ਤੇ ਮੁਲਜ਼ਮ ਪੀ.ਐਚ.ਜੀ. ਵਲੰਟੀਅਰ ਹਰਜਿੰਦਰ ਸਿੰਘ ਦੇ ਖਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਅਧੀਨ ਐਫ.ਆਈ.ਆਰ ਨੰਬਰ 05 ਮਿਤੀ 31.01.2024 ਤਹਿਤ ਕੇਸ ਦਰਜ ਕਰਕੇ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਦੱਸਣਯੋਗ ਹੈ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਦੌਰਾਨ ਉਪਰੋਕਤ ਏ.ਐਸ.ਆਈ ਰਵਿੰਦਰ ਕੁਮਾਰ ਅਤੇ ਹੋਰ ਪੁਲਿਸ ਕਰਮਚਾਰੀਆਂ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾਵੇਗੀ।

ਮੁੱਖ ਮੰਤਰੀਆਂ ਵੱਲੋਂ ਪੰਜਾਬ ਭਰ ਦੇ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗ

ਨਾਗਰਿਕ ਸੇਵਾਵਾਂ ਲਾਗੂ ਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਬਰਦਾਸ਼ਤ ਨਹੀਂ ਹੋਵੇਗੀ: ਮੁੱਖ ਮੰਤਰੀ

ਚੰਡੀਗੜ੍ਹ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਨੂੰ ਇੱਥੇ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨਾਲ ਉੱਚ ਪੱਧਰੀ ਮੀਟਿੰਗ ਕੀਤੀ ਅਤੇ ਸੂਬੇ ਵਿੱਚ ਨਾਗਰਿਕ ਸੇਵਾਵਾਂ ਮੁਹੱਈਆ ਕਰਨ ਦੀ ਸਮੀਖਿਆ ਕੀਤੀ।

ਇੱਥੇ ਪੰਜਾਬ ਭਵਨ ਵਿੱਚ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਸੂਬੇ ਵਿੱਚ ਘਰ-ਘਰ ਸੇਵਾਵਾਂ ਸਕੀਮ ਨੂੰ ਲਾਗੂ ਕਰਨ ਉਤੇ ਜ਼ਿਲ੍ਹਿਆਂ ਦੀ ਕਾਰਗੁਜ਼ਾਰੀ ਉਤੇ ਤਸੱਲੀ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਇਸ ਵੱਡ ਆਕਾਰੀ ਸਕੀਮ ਦਾ ਮੰਤਵ 43 ਨਾਗਰਿਕ ਸੇਵਾਵਾਂ ਨੂੰ ਲੋਕਾਂ ਦੇ ਘਰ-ਘਰ ਤੱਕ ਪਹੁੰਚਾਉਣਾ ਹੈ। ਭਗਵੰਤ ਸਿੰਘ ਮਾਨ ਨੇ ਡਿਪਟੀ ਕਮਿਸ਼ਨਰਾਂ ਨੂੰ ਕਿਹਾ ਕਿ ਲੋਕਾਂ ਦੀ ਭਲਾਈ ਲਈ ਇਸ ਸਕੀਮ ਨੂੰ ਮਿਸ਼ਨਰੀ ਉਤਸ਼ਾਹ ਨਾਲ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ। ਇਕ ਹੋਰ ਏਜੰਡੇ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਸਮੇਂ ਸੂਬੇ ਵਿੱਚ 664 ਆਮ ਆਦਮੀ ਕਲੀਨਿਕ ਕਾਰਜਸ਼ੀਲ ਹਨ ਅਤੇ ਹੁਣ ਤੱਕ ਇਨ੍ਹਾਂ ਕਲੀਨਿਕਾਂ ਵਿੱਚੋਂ 98 ਲੱਖ ਦੇ ਕਰੀਬ ਮਰੀਜ਼ ਇਲਾਜ ਸਹੂਲਤਾਂ ਦਾ ਲਾਭ ਲੈ ਚੁੱਕੇ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ 40.50 ਕਰੋੜ ਰੁਪਏ ਦੀਆਂ ਦਵਾਈਆਂ ਅਤੇ 5.77 ਕਰੋੜ ਰੁਪਏ ਦੇ ਲੈਬ ਟੈਸਟਾਂ ਦੀ ਸਹੂਲਤ ਦਾ ਲਾਭ ਮਰੀਜ਼ ਉਠਾ ਚੁੱਕੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ 150 ਨਵੇਂ ਆਮ ਆਦਮੀ ਕਲੀਨਿਕ ਜਲਦੀ ਹੀ ਸੂਬੇ ਦੇ ਲੋਕਾਂ ਨੂੰ ਸਮਰਪਿਤ ਕੀਤੇ ਜਾਣਗੇ, ਜਿਸ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਡਿਪਟੀ ਕਮਿਸ਼ਨਰਾਂ ਨੂੰ ਇਨ੍ਹਾਂ ਕਲੀਨਿਕਾਂ ਦੀ ਬਾਕਾਇਦਾ ਜਾਂਚ ਯਕੀਨੀ ਬਣਾਉਣ ਲਈ ਆਖਿਆ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਵੱਲੋਂ ਲਿਖੀਆਂ ਜਾਣ ਵਾਲੀਆਂ ਸਾਰੀਆਂ ਦਵਾਈਆਂ ਮਰੀਜ਼ਾਂ ਨੂੰ ਹਸਪਤਾਲ ਦੇ ਅੰਦਰ ਹੀ ਉਪਲਬਧ ਕਰਵਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਹਸਪਤਾਲਾਂ ਅਤੇ ਸਬ ਡਿਵੀਜ਼ਨਲ ਹਸਪਤਾਲਾਂ ਵਿੱਚ 276 ਦਵਾਈਆਂ ਪਹਿਲਾਂ ਹੀ ਲਾਜ਼ਮੀ ਦਵਾਈਆਂ ਦੀ ਸੂਚੀ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲਾਜ਼ਮੀ ਦਵਾਈਆਂ ਦੀ ਸੂਚੀ (ਈ.ਡੀ.ਐਲ.) ਤੋਂ ਇਲਾਵਾ ਹੋਰ ਦਵਾਈਆਂ ਦੀ ਖਰੀਦ ਲਈ ਕਾਰਜ ਵਿਧੀ (ਸਟੈਂਡਰਡ ਆਪਰੇਟਿੰਗ ਪ੍ਰੋਸੀਜ਼ਰ) ਜਾਰੀ ਕੀਤੀ ਗਈ ਹੈ ਅਤੇ ਡਿਪਟੀ ਕਮਿਸ਼ਨਰ ਇਹ ਯਕੀਨੀ ਬਣਾਉਣਗੇ ਕਿ ਦਵਾਈਆਂ ਮਰੀਜ਼ਾਂ ਲਈ ਉਪਲਬਧ ਹੋਣ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਸੂਬਾ ਸਰਕਾਰ ਨੇ ਸੜਕ ਹਾਦਸੇ ਦੇ ਪੀੜਤਾਂ ਲਈ ਫਰਿਸ਼ਤੇ ਸਕੀਮ ਵੀ ਸ਼ੁਰੂ ਕੀਤੀ ਹੈ, ਜਿਸ ਤਹਿਤ ਨਜ਼ਦੀਕੀ ਸੂਚੀਬੱਧ ਹਸਪਤਾਲ ਵਿੱਚ ਪੀੜਤ ਦਾ ਇਲਾਜ ਮੁਫ਼ਤ ਕੀਤਾ ਜਾਵੇਗਾ।

ਉਨ੍ਹਾਂ ਡਿਪਟੀ ਕਮਿਸ਼ਨਰਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਜ਼ਿਲ੍ਹਾ ਪੱਧਰੀ ਕਮੇਟੀਆਂ ਨਿਰਧਾਰਿਤ ਸੀਮਾ/ਦਿਨਾਂ ਤੋਂ ਵੱਧ ਹੋਣ ਵਾਲੇ ਖਰਚੇ ਦੀ ਬਿਨਾਂ ਕਿਸੇ ਦੇਰੀ ਤੋਂ ਪੜਤਾਲ ਕਰਨ ਨੂੰ ਯਕੀਨੀ ਬਣਾਉਣ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਸੂਬੇ ਭਰ ਵਿੱਚ ਇਸ ਸਕੀਮ ਤਹਿਤ 52 ਪੈਕੇਜ ਨਿਰਧਾਰਤ ਕੀਤੇ ਗਏ ਹਨ ਅਤੇ 495 ਹਸਪਤਾਲਾਂ ਨੂੰ ਸੂਚੀਬੱਧ ਕੀਤਾ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਹਰੇਕ ਪਿੰਡ ਵਿੱਚ ਟੈਲਾਂ ਉਤੇ ਨਹਿਰੀ ਪਾਣੀ ਮੁਹੱਈਆ ਕਰਨ ਲਈ ਕਈ ਕਦਮ ਚੁੱਕੇ ਹਨ। ਉਨ੍ਹਾਂ ਡਿਪਟੀ ਕਮਿਸ਼ਨਰਾਂ ਨੂੰ ਆਖਿਆ ਕਿ ਉਹ ਇਸ ਸਮੁੱਚੀ ਪ੍ਰਕਿਰਿਆ ਨੂੰ ਛੇਤੀ ਮੁਕੰਮਲ ਕਰਨ ਤਾਂ ਕਿ ਕਿਸਾਨਾਂ ਨੂੰ ਲਾਭ ਮਿਲੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਦੀ ਭਲਾਈ ਲਈ ਨਹਿਰੀ ਪਾਣੀ ਦੀ ਤਰਕਸੰਗਤ ਵਰਤੋਂ ਯਕੀਨੀ ਬਣਾਉਣ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਸੂਬਾ ਸਰਕਾਰ ਅੰਮ੍ਰਿਤਸਰ, ਬਠਿੰਡਾ, ਫਾਜ਼ਿਲਕਾ, ਫਤਹਿਗੜ੍ਹ ਸਾਹਿਬ, ਜਲੰਧਰ, ਕਪੂਰਥਲਾ, ਲੁਧਿਆਣਾ, ਐਸ.ਏ.ਐਸ ਨਗਰ ਅਤੇ ਤਰਨਤਾਰਨ ਜ਼ਿਲ੍ਹਿਆਂ ਵਿੱਚ 13 ਨਵੇਂ ਸਕੂਲ ਆਫ਼ ਐਮੀਨੈਂਸ ਖੋਲ੍ਹੇਗੀ। ਉਨ੍ਹਾਂ ਸਬੰਧਤ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਇਨ੍ਹਾਂ ਸਕੂਲਾਂ ਦੇ ਸਮੇਂ ਸਿਰ ਸ਼ੁਰੂ ਹੋਣ ਨੂੰ ਯਕੀਨੀ ਬਣਾਉਣ ਲਈ ਕਿਹਾ ਤਾਂ ਜੋ ਵਿਦਿਆਰਥੀਆਂ ਨੂੰ ਇਸ ਦਾ ਵੱਧ ਤੋਂ ਵੱਧ ਲਾਭ ਮਿਲ ਸਕੇ।

ਸੂਚਨਾ ਤੇ ਲੋਕ ਸੰਪਰਕ ਵਿਭਾਗ ਵੱਲੋਂ ਲੋਕ ਸੰਪਰਕ ਅਧਿਕਾਰੀ ਡਾ. ਸਰਬਜੀਤ ਸਿੰਘ ਕੰਗਣੀਵਾਲ ਨੂੰ ਸੇਵਾ ਮੁਕਤੀ ਮੌਕੇ ਨਿੱਘੀ ਵਿਦਾਇਗੀ

ਚੰਡੀਗੜ੍ਹ, 1 ਫਰਵਰੀ
-ਅਨੀਤਾ ਜਾਂਗੜਾ-
-ਕੌਮੀ ਪੱਤ੍ਰਿਕਾ ਬਿਊਰੋ-

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ ਵੱਲੋਂ ਲੋਕ ਸੰਪਰਕ ਅਧਿਕਾਰੀ ਡਾ. ਸਰਬਜੀਤ ਸਿੰਘ ਕੰਗਣੀਵਾਲ ਨੂੰ ਉਹਨਾਂ ਦੀ ਸੇਵਾ ਮੁਕਤੀ ਮੌਕੇ ਨਿੱਘੀ ਵਿਦਾਇਗੀ ਦਿੰਦਿਆਂ ਸਨਮਾਨਿਤ ਕੀਤਾ ਗਿਆ। ਉਹਨਾਂ ਨੇ ਵਿਭਾਗ ਵਿੱਚ ਤਕਰੀਬਨ 22 ਸਾਲ ਸੇਵਾਵਾਂ ਨਿਭਾਈਆਂ।

ਵਿਦਾਇਗੀ ਸਮਾਗਮ ਦੌਰਾਨ ਡਾ. ਸਰਬਜੀਤ ਸਿੰਘ ਕੰਗਣੀਵਾਲ ਨਾਲ ਆਪਣੇ ਅਣ-ਫੋਲੇ ਵਰਕਿਆਂ ਨੂੰ ਫੋਲਦਿਆਂ ਜੁਆਇੰਟ ਡਾਇਰੈਕਟਰ ਸ. ਰਣਦੀਪ ਸਿੰਘ ਆਹਲੂਵਾਲੀਆ, ਜੁਆਇੰਟ ਡਾਇਰੈਕਟਰ ਸ. ਹਰਜੀਤ ਸਿੰਘ ਗਰੇਵਾਲ, ਜੁਆਇੰਟ ਡਾਇਰੈਕਟਰ ਸ੍ਰੀ ਪ੍ਰੀਤ ਕੰਵਲ ਸਿੰਘ, ਡਿਪਟੀ ਡਾਇਰੈਕਟਰ ਸ੍ਰੀ ਇਸ਼ਵਿੰਦਰ ਸਿੰਘ ਗਰੇਵਾਲ, ਡਿਪਟੀ ਡਾਇਰੈਕਟਰ ਸ੍ਰੀ ਮਨਵਿੰਦਰ ਸਿੰਘ, ਡਿਪਟੀ ਡਾਇਰੈਕਟਰ ਸ੍ਰੀਮਤੀ ਸ਼ਿਖਾ ਨਹਿਰਾ, ਡਿਪਟੀ ਡਾਇਰੈਕਟਰ ਸ੍ਰੀ ਗੁਰਮੀਤ ਸਿੰਘ ਖਹਿਰਾ, ਆਈ.ਪੀ.ਆਰ.ਓ ਸ੍ਰੀ ਨਵਦੀਪ ਸਿੰਘ ਗਿੱਲ ਅਤੇ ਸ੍ਰੀ ਕੁਲਤਾਰ ਸਿੰਘ ਮੀਆਂਪੁਰੀ ਅਤੇ ਹੋਰ ਅਧਿਕਾਰੀਆਂ ਨੇ ਕੰਗਣੀਵਾਲ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਉਜਾਗਰ ਕੀਤਾ। ਡਾ. ਕਾਗਣੀਵਾਲ ਵੱਲੋਂ ਵਿਭਾਗ ਵਿੱਚ ਨਿਭਾਈਆਂ ਸ਼ਾਨਦਾਰ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਡਾ. ਕਾਗਨੀਵਾਲ ਦੀ ਮਿਸਾਲੀ ਸਖ਼ਤ ਮਿਹਨਤ, ਸਮਰਪਣ ਅਤੇ ਲਗਨ ਉਨ੍ਹਾਂ ਦੇ ਸਾਥੀਆਂ ਅਤੇ ਨਵੇਂ ਭਰਤੀ ਹੋਏ ਸਟਾਫ਼ ਮੈਂਬਰਾਂ ਨੂੰ ਪੂਰੀ ਲਗਨ ਨਾਲ ਸੇਵਾਵਾਂ ਨਿਭਾਉਣ ਲਈ ਹਮੇਸ਼ਾ ਪ੍ਰੇਰਿਤ ਕਰੇਗੀ।

ਬੁਲਾਰਿਆਂ ਨੇ ਇਹ ਵੀ ਕਿਹਾ ਕਿ ਸੇਵਾਮੁਕਤ ਹੋਣ ਤੋਂ ਬਾਅਦ, ਉਹ ਆਪਣੀ ਸਮਾਜਿਕ ਜ਼ਿੰਮੇਵਾਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਤੋਂ ਇਲਾਵਾ ਆਪਣੇ ਪਰਿਵਾਰ ਨਾਲ ਹੋਰ ਕੀਮਤੀ ਸਮਾਂ ਬਿਤਾ ਸਕਣਗੇ। ਇਸ ਮੌਕੇ ਸਟਾਫ਼ ਮੈਂਬਰਾਂ ਵੱਲੋਂ ਡਾ. ਸਰਬਜੀਤ ਸਿੰਘ ਕਾਗਣੀਵਾਲ ਅਤੇ ਉਨ੍ਹਾਂ ਦੀ ਪਤਨੀ ਡਾ. ਮਾਲਤੀ ਸਿੰਘ, ਵਿਗਿਆਨੀ, ਨਾਈਪਰ (ਐਨ.ਆਈ.ਪੀ.ਈ.ਆਰ.) ਨੂੰ ਵੀ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਬਲੈਕਜ਼ੋਨ ਮੋਬਾਇਲਜ਼ ਨੇ ਮੌਨੀ ਰਾਏ ਨਾਲ ਕੀਤਾ ਗੱਠਜੋੜ

ਅੰਮ੍ਰਿਤਸਰ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਬਲੈਕਜ਼ੋਨ ਮੋਬਾਇਲਜ਼ ਨੇ ਆਪਣੇ ਫ਼ੀਚਰ ਫੋਨ ਅਤੇ ਸਮਾਰਟਵੱਚ ਦੀ ਰੇਂਜ਼ ਲਈ ਬ੍ਰਾਂਡ ਅੰਬੈਸਡਰ ਦੇ ਰੂਪ ਵਿੱਚ ਮਸ਼ਹੂਰ ਭਾਰਤੀ ਅਭਿਨੇਤਰੀ ਮੌਨੀ ਰਾਏ ਦੇ ਨਾਲ ਗੱਠਜੋੜ ਕਰਨ ਦਾ ਐਲਾਨ ਕੀਤਾ ਹੈ। ਇਸ ਭਾਈਵਾਲੀ ਨਾਲ ਆਪਣੇ ਵਿਲੱਖਣ ਡਿਜ਼ਾਈਨਾਂ, ਤਕਨੀਕੀ ਨਵੀਨਤਾਵਾਂ ਅਤੇ ਕਿਫਾਇਤੀ ਕੀਮਤਾਂ ਲਈ ਲੋਕਪ੍ਰਿਅ ਬ੍ਰਾਂਡ ਦੀ ਵਧਦੀ ਪ੍ਰਸਿੱਧੀ ਨੂੰ ਹੋਰ ਗਤੀ ਮਿਲੀ ਹੈ। ਬਲੈਕਜ਼ੋਨ ਮੋਕ ਇਨ ਇੰਡੀਆ ਨੂੰ ਸਫ਼ਲ ਬਣਾਉਣ ਦੀ ਦਿਸ਼ਾ ਵਿੱਚ ਮੋਹਰੀ ਭੂਮਿਕਾ ਨਿਭਾ ਰਿਹਾ ਹੈ ਅਤੇ ਇਸ ਲਈ ਮੈਟਰੋ ਸ਼ਹਿਰਾਂ ਤੋਂ ਨਿੱਕਲ ਕੇ ਛੋਟੇ ਭਾਰਤੀ ਕਸਬਿਆਂ ਤੱਕ ਆਪਣੀ ਪਹੁੰਚ ਦਾ ਵਿਸਤਾਰ ਕਰ ਰਿਹਾ ਹੈ।ਆਪਣੇ ਅਧਿਕਾਰਤ ਇੰਸਟਾਗ੍ਰਾਮ ਅਕਾਉਂਟ 'ਤੇ ਇੱਕ ਦਿਲਚਸਪ ਰੀਲ ਨੂੰ ਸਾਂਝਾ ਕਰਦੇ ਹੋਏ, ਰਾਏ ਨੇ ਆਪਣੇ ਦਰਸ਼ਕਾਂ ਲਈ ਬਲੈਕਜ਼ੋਨ ਬ੍ਰਾਂਡ ਪੇਸ਼ ਕੀਤਾ। ਉਨ੍ਹਾਂ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਇਹ ਸਿਰਫ ਇੱਕ ਫੋਨ ਬ੍ਰਾਂਡ ਨਹੀਂ ਹੈ ਬਲਕਿ ਇਹ ਤੁਹਾਡੇ ਸਟਾਈਲ ਨੂੰ ਦਰਸਾਉਂਦਾ ਹੈ, ਜਿਸ ਦੇ ਹਰ ਫੋਨ ਦੀਆਂ ਵੱਖ-ਵੱਖ ਖਾਸੀਅਤਾਂ ਹਨ ਅਤੇ ਉਹ ਬਹੁਤ ਹੀ ਸ਼ਾਨਦਾਰ ਰੰਗਾਂ ਵਿੱਚ ਉਪਲਬਧ ਹਨ। ਬਾਲੀਵੁੱਡ ਸਟਾਰ ਦੇ ਨਾਲ ਆਪਣੇ ਗੱਠਜੋੜ ਦੇ ਬਾਰੇ ਵਿੱਚ, ਸ਼੍ਰੀ ਕਰਨ ਠੁਕਰਾਲ, ਚੇਅਰਮੈਨ, ਬਲੈਕਜ਼ੋਨ ਨੇ ਕਿਹਾ ਕਿ ਮੌਨੀ ਰਾਏ ਨਾਲ ਆਪਣੇ ਗੱਠਜੋੜ 'ਤੇ ਸਾਨੂੰ ਬਹੁਤ ਮਾਣ ਹੈ ਜੋ ਸਾਡੇ ਦੇਸ਼ ਦੀ ਇੱਕ ਦੁਰਲੱਭ ਪ੍ਰਤਿਭਾ ਹਨ। ਉਨ੍ਹਾਂ ਦਾ ਸਫ਼ਰ ਕਾਫ਼ੀ ਹੱਦ ਤੱਕ ਬਲੈਕਜ਼ੋਨ ਵਰਗਾ ਹੈ ਜਿਸ ਵਿਚ ਕਾਫ਼ੀ ਉਤਰਾਅ-ਚੜ੍ਹਾਅ ਅਤੇ ਆਪਣੀ ਅਲੱਗ ਪਹਿਚਾਣ ਬਣਾਉਣ ਦੀਆਂ ਕੋਸ਼ਿਸ਼ਾਂ ਦੀ ਝਲਕ ਮਿਲਦੀ ਹੈ। ਮੇਕ ਇਨ ਇੰਡੀਆ ਬ੍ਰਾਂਡ ਦੇ ਤੌਰ 'ਤੇ, ਅਸੀਂ ਆਪਣੇ ਆਪ ਨੂੰ ਵਿਲੱਖਣ ਮੋਬਾਈਲ ਡਿਵਾਈਸਾਂ ਬਣਾਉਣ ਲਈ ਸਮਰਪਿਤ ਕਰ ਦਿੱਤਾ ਹੈ ਜਿਸ ਵਿੱਚ ਬਿਹਤਰੀਨ ਗੁਣਵੱਤਾ ਦੇ ਨਾਲ-ਨਾਲ ਕਿਫ਼ਾਇਤ ਦਾ ਅਨੋਖਾ ਮਿਸ਼ਰਣ ਹੈ।

ਸਟਾਰਬਕਸ ਇੰਡੀਆ ਅਤੇ ਮਨੀਸ਼ ਮਲਹੋਤਰਾ ਨੇ ਕੀਤੀ ਇਕ ਵਿਲੱਖਣ ਸਾਂਝੀਦਾਰੀ

ਅੰਮ੍ਰਿਤਸਰ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਟਾਰਬਕਸ ਇੰਡੀਆ ਅਤੇ ਮਨੀਸ਼ ਮਲਹੋਤਰਾ ਨੇ ਭਾਰਤ ਲਈ ਇੱਕ ਐਕਸਕਲਿਊਸਿਵ ਲਾਂਚ ਦੇ ਨਾਲ ਇੱਕ ਵਿਲੱਖਣ ਸਾਂਝੇਦਾਰੀ ਸ਼ੁਰੂ ਕੀਤੀ ਹੈ। ਲਿਮਟਡ ਐਡੀਸ਼ਨ ਵਾਲੇ ਇਸ ਲਾਈਫ਼ ਸਟਾਈਲ ਡਰਿੰਕਵੇਅਰ ਰੇਂਜ਼ ਦੇ ਜਰੀਏ ਕੌਫੀ ਅਤੇ ਫੈਸ਼ਨ ਦੀ ਦੁਨੀਆ ਦੇ ਦੋ ਵੱਖ-ਵੱਖ ਪਹਿਲੂਆਂ ਨੂੰ ਪੇਸ਼ ਕੀਤਾ ਹੈ। ਇਹ ਕਲੈਕਸ਼ਨ ਹਰ ਦਿਨ ਦੇ ਕੌਫੀ ਪੀਣ ਦੇ ਅਨੁਭਵ ਨੂੰ ਬਿਹਤਰ ਬਣਾਉਣ ਲਈ ਸਟਾਰਬਕਸ ਦੇ ਯਤਨਾਂ ਦੇ ਅਨੁਸਾਰ ਹੈ।

ਜਾਖੜ ਨੇ ਰਾਜਪਾਲ ਨੂੰ ਲਿਖੀ ਚਿੱਠੀ, ਸੈਕਸ ਸ਼ੋਸ਼ਣ ਦੇ ਮੁਲਜ਼ਮ ਮੰਤਰੀ ਖਿਲਾਫ਼ ਨਿਰਪੱਖ ਜਾਂਚ ਦੀ ਕੀਤੀ ਮੰਗ

ਚੰਡੀਗੜ੍ਹ 1 ਫਰਵਰੀ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਦੇ ਰਾਜਪਾਲ ਬਨਵਾਲੀ ਲਾਲ ਪੁਰੋਹਿਤ ਨੂੰ ਚਿੱਠੀ ਲਿਖ ਕੇ ਪੰਜਾਬ ਸਰਕਾਰ ਦੇ ਮੰਤਰੀ ਖਿਲਾਫ਼ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ 'ਆਪ' ਦੇ ਇਕ ਆਗੂ 'ਤੇ ਦੋਸ਼ ਲੱਗ ਰਹੇ ਹਨ ਉਕਤ ਵਲੋਂ ਇਕ ਲੋੜਵੰਦ ਮਹਿਲਾ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ ਹੈ। ਪੱਤਰ ਵਿਚ ਸੁਨੀਲ ਜਾਖੜ ਨੇ ਲਿਖਿਆ ਹੈ ਕਿ ਇਹ ਦੋਸ਼ ਬਹੁਤ ਹੀ ਗੰਭੀਰ

ਹਨ ਤੇ ਇਨ੍ਹਾਂ ਦੀ ਸਮਾਂਬੱਧ ਤੇ ਨਿਰਪੱਖ ਜਾਂਚ ਅਤਿ ਜਰੂਰੀ ਹੈ। ਉਨ੍ਹਾਂ ਲਿਖਿਆ ਹੈ ਕਿ ਇਸ ਤੋਂ ਪਹਿਲਾਂ ਵੀ ਇਸ ਸਰਕਾਰ ਦੇ ਇਕ ਮੰਤਰੀ 'ਤੇ ਇਕ ਨਾਬਾਲਿਗ ਦੇ ਜਿਨਸੀ ਸ਼ੋਸ਼ਣ ਦੇ ਦੋਸ਼ ਲੱਗੇ ਸਨ ਤਾਂ ਜਾਂਚ ਤੋਂ ਪਹਿਲਾਂ ਹੀ ਮੁੱਖ ਮੰਤਰੀ ਨੇ ਉਸ ਨੂੰ ਕਲੀਨ ਚਿਟ ਦੇ ਕੇ ਜਾਂਚ ਨੂੰ ਨਿਰਾਰਥਕ ਕਰ ਦਿੱਤਾ ਸੀ। ਉਕਤ ਕੇਸ ਨੂੰ ਧਿਆਨ ਵਿਚ ਲਿਆਂਦਾ ਗਿਆ ਸੀ ਅਤੇ 'ਆਪ' ਵਲੋਂ ਜਾਂਚ ਦੇ ਹੁਕਮ ਵੀ ਦਿੱਤੇ ਗਏ ਸਨ ਪਰ ਸਰਕਾਰ ਨੇ ਕੁਝ ਨਹੀਂ ਕੀਤਾ। ਉਨ੍ਹਾਂ ਨੇ ਪੱਤਰ ਵਿਚ ਚਿੰਤਾ ਪ੍ਰਗਟਾਈ ਹੈ ਕਿ ਜਿਵੇਂ ਪੁਰਾਣੇ ਕੇਸ ਵਿਚ ਪੀੜਤ ਨੂੰ ਡਰਾ ਧਮਕਾ ਕੇ ਚੁੱਪ ਕਰਵਾ ਦਿੱਤਾ ਕਿਤੇ ਇਸ ਕੇਸ ਵਿਚ ਵੀ ਪੀੜਤ ਨਾਲ ਅਜਿਹਾ ਹੀ ਨਾ ਹੋਵੇ, ਜੋ ਕਿ ਇਕ ਮਹਿਲਾ ਹੈ।

ਮੰਤਰੀ ਕਟਾਰੂਚੱਕ ਨੇ ਸਰਹੱਦੀ ਖੇਤਰ ਦੇ ਪਿੰਡਾਂ 'ਚ 1 ਕਰੋੜ ਤੋਂ ਵੱਧ ਦੀ ਲਾਗਤ ਵਾਲੇ ਵਾਟਰ ਸਪਲਾਈ ਦਾ ਕੀਤਾ ਉਦਘਾਟਨ

ਬਮਿਆਲ/ਦੀਨਾਨਗਰ 1 ਫਰਵਰੀ। ਅੱਜ ਸਰਹੱਦੀ ਖੇਤਰ ਦੇ ਪਿੰਡ ਬਨਕੌਰ ਅਤੇ ਮਾਜਰਾ ਵਿਖੇ ਕੈਬਿਨਟ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ 1 ਕਰੋੜ 17 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਇਆ ਵਾਟਰ ਸਪਲਾਈ ਦੀਆਂ ਟੈਂਕੀਆਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਪੰਜਾਬ ਸਰਕਾਰ ਦਾ ਉਪਰਾਲਾ ਹੈ ਕਿ ਹਰੇਕ ਇਲਾਕੇ ਦੇ ਪਿੰਡਾਂ ਵਿਚ ਸ਼ੁੱਧ ਪਾਣੀ ਮੁਹਇਆ ਹੋ ਸਕੇ। ਉਨ੍ਹਾਂ ਦੱਸਿਆ ਕਿ ਇੰਨਾਂ ਟੈਕੀਆਂ ਦੀ ਪਾਣੀ ਦੀ ਸਮਰੱਥਾ 50 ਹਜਾਰ ਲੀਟਰ ਦੀ ਹੋਵੇਗੀ ਤਾਂ ਕਿ ਹਰ ਸਮੇਂ ਲੋਕਾਂ ਨੂੰ ਸ਼ੁੱਧ ਪਾਣੀ ਮਿਲ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇਕ ਸਰਕਲਪ ਹੈ ਕਿ ਪੰਜਾਬ ਦੇ ਵਿਕਾਸ ਦੀ ਕੋਈ ਕਸਰ ਨਹੀਂ ਛੱਡੀ ਜਾਵੇਗੀ ਤਾਂ ਕਿ ਪੰਜਾਬ ਇਕ ਰੰਗਲਾ ਪੰਜਾਬ ਬਣਾਇਆ ਜਾਵੇ, ਜਿਸ ਤਹਿਤ ਪੂਰੇ ਪੰਜਾਬ ਅੰਦਰ ਵਿਕਾਸ ਦੇ ਕਾਰਜ ਪੂਰੇ ਜੋਰਾਂ ਨਾਲ ਚੱਲ ਰਹੇ ਹਨ, ਇਸ ਸਰਹੱਦੀ ਖੇਤਰ ਲਈ ਇਹ ਅੱਜ ਪੰਜਾਬ ਸਰਕਾਰ ਦਾ ਵੱਡਾ ਉਪਰਾਲਾ ਹੈ। ਉਨ੍ਹਾਂ ਕਿਹਾ ਆਉਣ ਵਾਲੇ ਸਮੇਂ ਅੰਦਰ ਸਰਹੱਦੀ ਖੇਤਰ ਅੰਦਰ ਹੋਰ ਵੀ ਕਈ ਵਿਕਾਸ ਦੇ ਕੰਮ ਕੀਤੇ ਜਾਣਗੇ।

ਭਾਰਤੀ ਸੰਵਿਧਾਨ ਸਭ ਤੋਂ ਖੂਬਸੂਰਤ, ਘੱਟ ਗਿਣਤੀ ਭਾਈਚਾਰੇ ਨੂੰ ਵੀ ਦਿੰਦੈ ਉੱਚ ਅਹੁਦਿਆਂ ਦੇ ਮੌਕੇ : ਅਭਿਜੈ ਚੋਪੜਾ

ਕਿਸ਼ਨ ਪਾਲ

ਜਲੰਧਰ 1 ਫਰਵਰੀ। ਭਾਰਤ ਦੇ 75ਵੇਂ ਗਣਤੰਤਰ ਦਿਵਸ ਦੇ ਮੌਕੇ ਡਾ. ਹੇਡਗੇਵਾਰ ਸਮਾਰਕ ਸੰਘ ਵੱਲੋਂ ਗੋਪਾਲ ਨਗਰ, ਪੀਲੀ ਕੋਠੀ 'ਚ ਵਿਸ਼ਾਲ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦੀ ਸ਼ੁਰੂਆਤ ਤਿਰੰਗਾ ਲਹਿਰਾਉਣ ਤੋਂ ਬਾਅਦ ਰਾਸ਼ਟਰ ਗਾਨ ਨਾਲ ਕੀਤੀ ਗਈ। ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਡਾ. ਦੇਵੇਂਦਰ ਕੁਮਾਰ, ਪ੍ਰੋਫੈਸਰ ਮੁੱਖ ਬੁਲਾਰਾ ਰਹੇ। ਡਾ. ਹੇਡਗੇਵਾਰ ਸਮਾਰਕ ਸੰਘ ਦੇ ਸਕੱਤਰ ਕੰਕੇਸ਼ ਗੁਪਤਾ ਨੇ ਮੰਚ ਸੰਚਾਲਨ ਕੀਤਾ। ਵਿਕਰਮ ਅਰੋੜਾ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਪ੍ਰੋਗਰਾਮ ਦੇ ਸਮਾਪਨ ਰਾਸ਼ਟਰੀ ਗੀਤ 'ਵੰਦੇ ਮਾਤਰਮ' ਨਾਲ ਹੋਇਆ। ਪ੍ਰੋਗਰਾਮ 'ਚ 100 ਨਾਲੋਂ ਵੱਧ ਸ਼ਹਿਰ ਦੇ ਪਤਵੰਤੇ ਤੇ ਬੁੱਧੀਜੀਵੀ ਲੋਕਾਂ ਨੇ ਹਿੱਸਾ ਲਿਆ ਅਤੇ ਦੇਸ਼ ਸਮਾਜ ਦੇ ਪ੍ਰਤੀ ਆਪਣੇ ਫਰਜਾਂ ਨੂੰ ਯਾਦ ਕੀਤਾ। ਪ੍ਰੋਗਰਾਮ 'ਚ ਮੁੱਖ ਰੂਪ ਨਾਲ ਰਾਸ਼ਟਰੀ ਸਵੈ-ਸਵੇਕ ਸੰਘ ਦੇ ਪ੍ਰਚਾਰਕ ਸ਼ਸ਼ਾਂਕ ਜੀ, ਰਾਸ਼ਟਰੀ ਸਵੈ-ਸਵੇਕ ਸੰਘ ਦੇ ਪ੍ਰਚਾਰਕ ਨਵਦੀਪ ਜੀ, ਰਾਮ ਕ੍ਰਿਸ਼ਨ ਜੀ, ਡਾ. ਬਲਰਾਜ ਗੁਪਤਾ, ਡਾ. ਗੌਰਵ ਗੁਪਤਾ, ਡਾ. ਪਰਵਿੰਦਰ ਬਜਾਜ, ਅਜੇ ਗੋਸਵਾਮੀ, ਪ੍ਰਿੰ. ਰਾਕੇਸ਼ ਸ਼ਰਮਾ, ਪੱਤਰਕਾਰ ਅਜੀਤ ਸਿੰਘ ਬੁਲੰਦ, ਐੱਮ. ਪੀ. ਸਿੰਘ, ਡਾ. ਪੂਨਮ ਭਾਰਦਵਾਜ, ਪਾਰੁਲ ਅਰੋੜਾ, ਡਾ. ਰਜਤ ਸਰੀਨ ਤੇ ਡਾ. ਪਵਿੱਤਰ ਸ਼ਰਮਾ ਆਦਿ ਹਾਜਰ ਰਹੇ। ਮੁੱਖ ਬੁਲਾਰਾ ਪ੍ਰੋ. ਦੇਵੇਂਦਰ ਕੁਮਾਰ ਨੇ ਕਿਹਾ ਕਿ ਸੰਵਿਧਾਨ ਸਾਨੂੰ ਅਧਿਕਾਰਾਂ ਦੇ

ਨਾਲ-ਨਾਲ ਫਰਜ ਬਾਰੇ 'ਚ ਵੀ ਦੱਸਦਾ ਹੈ। ਉਨ੍ਹਾਂ ਨੇ ਦੇਸ਼ ਦੇ ਦੇਰ ਤੱਕ ਗੁਲਾਮ ਰਹਿਣ ਦੇ ਕਾਰਨਾਂ 'ਤੇ ਚਿੰਤਨ ਕਰਨ ਦੀ ਅਪੀਲ ਕੀਤੀ ਅਤੇ ਨਾਲ ਹੀ ਦੇਸ਼ 'ਚ ਅੱਜ ਦੀ ਸਥਿਤੀ ਦਾ ਚਿਤਰਣ ਕੀਤਾ। ਉਨ੍ਹਾਂ ਕਿਹਾ ਕਿ ਸਾਡਾ ਰਾਸ਼ਟਰ ਪਿਛਲੇ ਇਕ ਦਹਾਕੇ ਤੋਂ ਬਹੁਤ ਹੀ ਤੇਜ ਗਤੀ ਨਾਲ ਤਰੱਕੀ ਕਰ ਰਿਹਾ ਹੈ ਅਤੇ ਅੱਜ ਇੰਫ੍ਰਾਸਟਰੱਕਚਰ ਡਿਫੈਂਸ ਪੁਲਾੜ ਟੈਕਨਾਲੋਜੀ ਖੇਡ ਆਦਿ ਹਰ ਖੇਤਰ 'ਚ ਭਾਰਤ ਮੋਹਰੀ ਭੂਮਿਕਾ ਨਿਭਾ ਰਿਹਾ ਹੈ। ਪ੍ਰੋਗਰਾਮ ਦੇ ਮੁੱਖ ਮਹਿਮਾਨ ਪੰਜਾਬ ਕੇਸਰੀ ਸਮੂਹ ਦੇ ਡਾਇਰੈਕਟਰ ਸ਼੍ਰੀ ਅਭਿਜੈ ਚੋਪੜਾ ਨੇ ਭਾਰਤੀ ਸੰਵਿਧਾਨ ਦੀਆਂ ਖੂਬੀਆਂ 'ਤੇ ਚਰਚਾ ਕਰਦੇ ਹੋਏ ਕਿਹਾ ਕਿ ਸਾਡੇ ਦੇਸ਼ ਦਾ ਸੰਵਿਧਾਨ ਕਿਸੇ ਨਾਗਰਿਕ ਨਾਲ ਧਰਮ ਦੇ ਆਧਾਰ 'ਤੇ ਭੇਦਭਾਵ ਨਹੀਂ ਕਰਦਾ ਅਤੇ ਇਹ ਸੰਵਿਧਾਨ ਦੀ ਹੀ ਖੂਬਸੂਰਤੀ ਹੈ ਕਿ ਭਾਰਤ 'ਚ ਘੱਟ ਗਿਣਤੀ ਭਾਈਚਾਰੇ ਤੋਂ ਪ੍ਰਧਾਨ ਮੰਤਰੀ ਵੀ ਬਣਦੇ ਹਨ ਅਤੇ ਰਾਸ਼ਟਰਪਤੀ, ਸੁਪਰੀਮ ਕੋਰਟ ਦੇ ਚੀਫ ਜਸਟਿਸ ਅਤੇ ਫੌਜ ਦੇ ਮੁਖੀ ਵਰਗੇ ਅਹਿਮ ਅਹੁਦਿਆਂ 'ਤੇ ਵੀ ਘੱਟ ਗਿਣਤੀ ਭਾਈਚਾਰੇ ਨਾਲ ਜੁੜੇ ਲੋਕ ਸੇਵਾ ਕਰ ਚੁੱਕੇ ਹਨ, ਜਦਕਿ ਕਿਸੇ ਹੋਰ ਦੇਸ਼ ਦਾ ਸੰਵਿਧਾਨ ਇਸ ਤਰ੍ਹਾਂ ਦੀ ਇਜਾਜਤ ਨਹੀਂ ਦਿੰਦਾ। ਉਨ੍ਹਾਂ ਕਿਹਾ ਕਿ ਸੰਵਿਧਾਨ 'ਚ ਸਮੇਂ ਦੇ ਮੁਤਾਬਕ ਸੋਧਾਂ ਦੀ ਲੋੜ ਪੈਂਦੀ ਹੈ ਅਤੇ ਹੁਣ ਵੀ ਦੇਸ਼ ਦੇ ਸੰਵਿਧਾਨ 'ਚ ਕਈ ਅਜਿਹੇ ਕਾਨੂੰਨ ਹਨ, ਜਿਨ੍ਹਾਂ ਨੂੰ ਮੌਜੂਦਾ ਸਮੇਂ ਨੂੰ ਧਿਆਨ 'ਚ ਰੱਖਦੇ ਹੋਏ ਬਦਲਣ ਦੀ ਲੋੜ ਹੈ। ਇਸ ਦੌਰਾਨ ਰਾਸ਼ਟਰੀ ਸਵੈ-ਸੇਵਕ ਸੰਘ ਉੱਤਰ ਖੇਤਰ ਦੇ ਸਮਾਜਿਕ ਸਮਰਸਤਾ ਮੁਖੀ ਪ੍ਰਮੋਦ ਨੇ ਕਿਹਾ ਕਿ ਦੇਸ਼ ਦੇ ਸ਼ਾਸਕ ਜੇਕਰ ਚੰਗੇ ਹਨ ਤਾਂ ਸੰਵਿਧਾਨ ਦਾ ਸਹੀ ਪਾਲਣ ਹੋ ਸਕਦਾ ਹੈ, ਜੇਕਰ ਦੇਸ਼ ਦੇ ਸ਼ਾਸਕ ਸਹੀ ਨਹੀਂ ਹਨ ਤਾਂ ਚੰਗਾ ਸੰਵਿਧਾਨ ਵੀ ਕੁਝ ਨਹੀਂ ਕਰ ਸਕਦਾ। ਇਸ ਸੰਵਿਧਾਨ ਕਾਰਨ ਹੀ ਸਾਨੂੰ ਅੱਜ ਰਾਮ ਲੱਲਾ ਲਈ ਜਨਮ ਸਥਾਨ ਮੰਦਰ ਵਿਸ਼ਾਲ ਰੂਪ 'ਚ ਪ੍ਰਾਪਤ ਹੋਇਆ ਹੈ। ਇਸ ਸੰਵਿਧਾਨ ਨੇ ਹੀ ਸਾਨੂੰ ਇਹ ਇਜਾਜਤ ਦਿੱਤੀ ਹੈ ਕਿ ਅਸੀਂ ਆਪਣੇ ਦੁੱਖ, ਆਪਣੀਆਂ ਸਮੱਸਿਆਵਾਂ ਅਖਬਾਰ, ਸੋਸ਼ਲ ਮੀਡੀਆ ਤੇ ਅਦਾਲਤਾਂ ਰਾਹੀਂ ਸਰਕਾਰ ਦੇ ਸਾਹਮਣੇ ਰੱਖਣ 'ਚ ਸਮਰੱਥ ਹੋਏ ਹਾਂ। ਇਹੀ ਸਾਡੀ ਅਸਲੀ ਆਜਾਦੀ ਹੈ ਜੋ ਸੰਵਿਧਾਨ ਰਾਹੀਂ ਬਾਬਾ ਸਾਹਿਬ ਡਾ. ਭੀਮ ਰਾਵ ਅੰਬੇਡਕਰ ਜੀ ਨੇ ਸਾਨੂੰ ਪ੍ਰਦਾਨ ਕੀਤੀ ਹੈ।

ਸ਼ਿਵ ਮੰਦਰ ਪਾਰਕ ਦੇ ਬਾਥਰੂਮ 'ਚ ਸ਼ਰਾਰਤੀ ਅਨਸਰਾਂ ਨੇ ਤੋੜੇ ਸ਼ੀਸ਼ੇ

ਕਲਾਨੌਰ 1 ਫਰਵਰੀ। ਸ਼ਰਾਰਤੀ ਅਨਸਰਾਂ ਵੱਲੋਂ ਸ਼ਿਵ ਮੰਦਰ ਪਾਰਕ ਦੇ ਬਾਥਰੂਮ ਦੇ ਕੀਮਤੀ ਸ਼ੀਸ਼ੇ ਤੋੜਨ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਕਾਰਨ ਮੰਦਰ ਕਮੇਟੀ ਅਤੇ ਲੋਕਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਸ਼ਿਵ ਮੰਦਰ ਕਮੇਟੀ ਦੇ ਪ੍ਰਧਾਨ ਅਮਰਜੀਤ ਖੁੱਲਰ ਅਤੇ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਕਰੀਬ 4 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਆਲੀਸ਼ਾਨ ਸ਼ਿਵ ਮੰਦਰ ਪਾਰਕ ਕਲਾਨੌਰ ਵਿਖੇ ਲੋਕ ਹਰ ਰੋਜ ਸੈਰ ਅਤੇ ਮਨੋਰੰਜਨ ਲਈ ਆਉਂਦੇ ਹਨ ਪਰ ਕੁਝ ਸ਼ਰਾਰਤੀ ਅਨਸਰ ਆਏ ਦਿਨ ਪਾਰਕ ਦਾ ਕੋਈ ਨਾ ਕੋਈ ਨੁਕਸਾਨ ਕਰਦੇ ਰਹਿੰਦੇ ਹਨ। ਬੀਤੇ ਦਿਨੀਂ ਸ਼ਰਾਰਤੀ ਅਨਸਰਾਂ ਵੱਲੋਂ ਬਾਥਰੂਮ 'ਚ ਲੱਗੀਆਂ ਕੀਮਤੀ ਟੂਟੀਆਂ , ਲਾਈਟਾਂ ਅਤੇ ਹੋਰ ਸਾਮਾਨ ਚੋਰੀ ਕਰ ਲਿਆ ਗਿਆ ਸੀ ਅਤੇ ਬੀਤੀ ਰਾਤ ਵੀ ਕਿਸੇ ਸ਼ਰਾਰਤੀ ਅਨਸਰ ਵੱਲੋਂ ਸ਼ਿਵ ਮੰਦਰ ਪਾਰਕ ਦੇ ਬਾਥਰੂਮ 'ਚ ਲੱਗੇ ਕੀਮਤੀ ਸ਼ੀਸ਼ੇ ਤੋੜ ਕੇ ਨੁਕਸਾਨ ਕੀਤਾ ਗਿਆ ਹੈ। ਉਨ੍ਹਾਂ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਪਾਰਕ 'ਚ ਨੁਕਸਾਨ ਕਰਨ ਅਤੇ ਚੋਰੀ ਕਰਨ ਵਾਲੇ ਸ਼ਰਾਰਤੀ ਅਨਸਰਾਂ ਨੂੰ ਕਾਬੂ ਕਰ ਕੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਬਾਬਾ ਦੀਪ ਸਿੰਘ ਜੀ ਦੇ ਗੁਰਦੁਆਰਾ ਸਾਹਿਬ ਵਿਖੇ ਭਿੰਡਰਾਂਵਾਲੇ ਦੀ ਫੋਟੋ ਲਾਉਣ ਦੀ ਮੰਗ ਨੂੰ ਲੈ ਛਿੜਿਆ ਵਿਵਾਦ

ਏਜੰਸੀਆਂ

ਤਰਨਤਾਰਨ 1 ਫਰਵਰੀ। ਜ਼ਿਲ੍ਹੇ ਅਧੀਨ ਆਉਂਦੇ ਬਾਬਾ ਦੀਪ ਸਿੰਘ ਜੀ ਦੇ ਜਨਮ ਸਥਾਨ ਪਿੰਡ ਪਹੁਵਿੰਡ ਵਿਖੇ ਮੌਜੂਦ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਫੋਟੋ ਲਗਾਉਣ ਦੀ ਮੰਗ ਨੂੰ ਲੈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਗਏ ਵਿਰੋਧ ਤੋਂ ਬਾਅਦ ਸਥਿਤੀ ਤਣਾਅਪੂਰਨ ਬਣ ਗਈ, ਜਿਸ ਨੂੰ ਵੇਖਦੇ ਹੋਏ ਪੁਲਸ ਪ੍ਰਸਾਸਨ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਦੋਵੇਂ ਧਿਰਾਂ ਵਿੱਚ ਹੋਏ ਵਿਵਾਦ ਦੀ ਵੀਡੀਓ ਸੋਸਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਪੁਲਸ ਵੱਲੋਂ ਇਸ ਮਾਮਲੇ ਨੂੰ ਸੁਲਝਾਉਣ ਲਈ ਦੋਵਾਂ ਧਿਰਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਸਹੀਦ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਲੈ ਕੇ ਜ਼ਿਲ੍ਹਾ ਤਰਨਤਾਰਨ ਅਧੀਨ ਆਉਂਦੇ ਪਿੰਡ ਪਹੁਵਿੰਡ ਵਿਖੇ ਬਾਬਾ ਦੀਪ ਸਿੰਘ ਦੇ ਜਨਮ ਸਥਾਨ ਵਿਖੇ ਸੁਸੋਭਿਤ ਗੁਰਦੁਆਰਾ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ ਸੀ। ਇਸ ਦੌਰਾਨ ਸਿੱਖ ਭਾਈਚਾਰੇ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਭਿੰਡਰਾਂਵਾਲੇ ਦੀ ਫੋਟੋ ਨੂੰ ਲਗਾਉਣ ਦੀ ਮੰਗ ਕੀਤੀ ਜਾਣ ਲੱਗੀ। ਇਸ ਦੌਰਾਨ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਕੁਝ ਮੈਂਬਰਾਂ ਵੱਲੋਂ ਇਸ ਫੋਟੋ ਨੂੰ ਲਗਾਉਣ 'ਤੇ ਇਤਰਾਜ ਕਰਨਾ ਸੁਰੂ ਕਰ ਦਿੱਤਾ ਗਿਆ, ਜਿਸ ਤੋਂ ਬਾਅਦ ਦੋਵਾਂ ਧਿਰਾਂ ਵਿਚਾਲੇ ਸਥਿਤੀ ਤਣਾਅਪੂਰਨ ਬਣ ਗਈ। ਵੇਖਦੇ ਹੀ ਵੇਖਦੇ ਸਥਿਤੀ ਇੰਨੀ ਜ਼ਿਆਦਾ ਤਣਾਅਪੂਰਨ ਬਣ ਗਈ ਕਿ ਪੁਲਸ ਨੂੰ ਹੱਥਾਂ-ਪੈਰਾਂ ਦੀ ਪੈ ਗਈ, ਜਿਸ ਤੋਂ ਬਾਅਦ ਦੋਵਾਂ ਧਿਰਾਂ ਨੂੰ ਸਾਂਤ ਕਰਵਾਉਣ ਲਈ ਵੱਡੀ ਗਿਣਤੀ ਵਿੱਚ ਮੌਕੇ 'ਤੇ ਪੁੱਜੀ ਪੁਲਸ ਨੂੰ ਕਾਫੀ ਜ਼ਿਆਦਾ ਮਸ਼ੱਕਤ ਕਰਨੀ ਪਈ। ਹਾਲਾਂਕਿ ਇਸ ਮਾਮੂਲੀ ਝੜਪ ਵਿੱਚ ਕਿਸੇ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ ਪਰ ਇਸ ਦੌਰਾਨ ਇਕ ਕਾਰ ਦੀ ਭੰਨ-ਤੋੜ ਕਰਨ ਬਾਰੇ ਜਾਣਕਾਰੀ ਸਾਹਮਣੇ ਆਈ ਹੈ। ਇਸ ਸਬੰਧੀ ਐੱਸ. ਐੱਸ. ਪੀ. ਅਸਵਨੀ ਕਪੂਰ ਨੇ ਦੱਸਿਆ ਕਿ ਇਸ ਵਿਵਾਦ ਨੂੰ ਲੈ ਕੇ ਦੋਵਾਂ ਧਿਰਾਂ ਨੂੰ ਆਪਣੀ-ਆਪਣੀ ਗੱਲ ਰੱਖਣ ਦਾ ਸਮਾਂ ਦਿੱਤਾ ਗਿਆ ਹੈ, ਜਿਸ ਤੋਂ ਬਾਅਦ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸੇ ਨੂੰ ਕਾਨੂੰਨ ਹੱਥ ਵਿੱਚ ਲੈਣ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ ਅਤੇ ਸਾਰੀ ਸਥਿਤੀ ਕੰਟਰੋਲ ਵਿੱਚ ਹੈ।

ਵਿਸ਼ਵ ਪ੍ਰਸਿੱਧ ਹਰੀਕੇ ਪੱਤਣ ਦੀ ਪੰਛੀ ਰੱਖ ਅਧੀਨੇ ਆਉਂਦੇ ਵੱਖ-ਵੱਖ ਏਰੀਏ 'ਚ ਵਿਭਾਗ ਵਲੋਂ ਅਚਨਚੇਤ ਦੌਰਾ

ਹਰੀਕੇ ਪੱਤਣ 1 ਫਰਵਰੀ। ਵਿਸ਼ਵ ਪ੍ਰਸਿੱਧ ਹਰੀਕੇ ਪੱਤਣ ਦੀ ਪੰਛੀ ਰੱਖ ਅਧੀਨ ਪੈਂਦੇ ਵੱਖ-ਵੱਖ ਏਰੀਏ ਵਿਚ ਅਚਨਚੇਤ ਦੌਰਾ ਕੀਤਾ ਗਿਆ। ਇਸ ਦੌਰਾਨ ਰੇਂਜ ਅਫਸਰ ਕਮਲਜੀਤ ਸਿੰਘ ਦੀ ਅਗਵਾਈ ਹੇਠ ਸਮੁੱਚੀ ਟੀਮ ਵਲੋਂ ਸੈਂਚੁਰੀ ਏਰੀਏ ਪੈਂਦੀ ਨੱਕੀ ਅਤੇ ਦੇਵਾ ਸਿੰਘ ਵਾਲਾ ਬੀਟ ਵਿਚੋਂ 4 ਮੱਛੀ ਫੜਨ ਵਾਲੇ ਜਾਲ ਬਰਾਮਦ ਕੀਤੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਰੇਂਜ ਅਫਸਰ ਕਮਲਜੀਤ ਸਿੰਘ ਨੇ ਦੱਸਿਆ ਕਿ ਜੰਗਲੀ ਜੀਵ ਵਿਭਾਗ ਟੀਮ ਵਲੋਂ ਪੂਰੀ ਮੁਸ਼ਤੈਦੀ ਨਾਲ ਨਾਜਾਇਜ਼ ਸ਼ਿਕਾਰ ਨੂੰ ਠੱਲ ਪਾਉਣ ਲਈ ਦਿਨ ਰਾਤ ਗਸ਼ਤ ਕਰ ਰਿਹਾ ਹੈ। ਵਿਭਾਗ ਵਲੋਂ ਪੈਟਰੋਲਿੰਗ ਬੋਟਸ ਦੀ ਮਦਦ ਨਾਲ ਜੰਗਲੀ ਜੀਵ ਸੈਂਚੁਰੀ ਹਰੀਕੇ ਅਧੀਨ ਪੈਂਦੇ ਵੱਖ-ਵੱਖ ਏਰੀਏ ਦੀ ਚੈਕਿੰਗ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਜਿਨ੍ਹਾਂ ਸ਼ਰਾਰਤੀ ਅਨਸਰਾਂ ਵਲੋਂ ਜੰਗਲੀ ਜੀਵ ਸੈਂਚੁਰੀ ਹਰੀਕੇ ਦੇ ਮਨਾਹੀ ਵਾਲੇ ਖੇਤਰ ਵਿਚ ਨਾਜਾਇਜ਼ ਦਾਖਲ ਹੋ ਕੇ ਨਾਜਾਇਜ਼ ਸ਼ਿਕਾਰ ਕਰਨ ਲਈ ਜਾਲ ਲਗਾਏ ਗਏ ਹਨ, ਵਿਭਾਗ ਵਲੋਂ ਉਨ੍ਹਾਂ ਦੀ ਪੜਤਾਲ ਕਰਕੇ ਜੰਗਲੀ ਜੀਵ ਸੁਰੱਖਿਆ ਐਕਟ 1972 ਤਹਿਤ ਡੈਮਿਜ ਰਿਪੋਟ ਕੱਟ ਕੇ ਮਾਣਯੋਗ ਅਦਾਲਤ ਵਿਚ ਕੋਰਟ ਕੇਸ ਦਾਇਰ ਕੀਤਾ ਜਾਵੇਗਾ ।

'ਸਾਡਾ ਪੰਜਾਬ ਸਾਂਝਾ ਪੰਜਾਬ' ਪਾਰਟੀ ਨੌਜਵਾਨਾਂ ਦੇ ਸੁਨਹਿਰੇ ਭ